# ਵਰਲਡ ਪੰਜਾਬੀ ਟਾਈਮਜ਼
# WORLD PUNJABI TIMES

A Punjabi News Protal & Epaper From Winnipeg, Canada

Visit us at : www.worldpunjabitimes.com

Mob: 7973333573, +1 (418) 887-0162

Epaper World Punjabi Times 20 ਜੂਨ 2025 ਦਿਨ ਸ਼ੁੱਕਰਵਾਰ ਈ-ਪੇਪਰ ਵਰਲਡ ਪੰਜਾਬੀ ਟਾਈਮਜ਼


## ਪਾਲ ਢਿੱਲੋਂ ਦੇ ਗ਼ਜ਼ਲ ਸੰਗ੍ਰਹਿ 'ਅਗਲਾ ਵਰਕਾ ਖੋਲ੍ਹ' ਦਾ ਰਿਲੀਜ਼ ਸਮਾਰੋਹ 29 ਜੂਨ ਨੂੰ

ਵਰਲਡ ਪੰਜਾਬੀ ਟਾਈਮਜ਼ ਹਰਦਮ ਮਾਨ




ਸਰੀ 20 ਜੂਨ : ਗ਼ਜ਼ਲ ਮੰਚ ਸਰੀ ਵੱਲੋਂ ਕਨੇਡੀਅਨ ਪੰਜਾਬੀ ਸ਼ਾਇਰ ਪਾਲ ਢਿੱਲੋਂ ਦੇ ਗ਼ਜ਼ਲ ਸੰਗ੍ਰਹਿ 'ਅਗਲਾ ਵਰਕਾ ਖੋਲ੍ਹ' ਰਿਲੀਜ਼ ਕਰਨ ਲਈ 29 ਜੂਨ 2025 (ਐਤਵਾਰ) ਨੂੰ ਵਿਸ਼ੇਸ਼ ਸਮਾਗਮ ਕਰਵਾਇਆ ਜਾ ਰਿਹਾ ਹੈ। ਇਹ ਜਾਣਕਾਰੀ ਦਿੰਦਿਆਂ ਮੰਚ ਦੇ ਜਨਰਲ ਸਕੱਤਰ ਦਵਿੰਦਰ ਗੌਤਮ ਨੇ ਦੱਸਿਆ ਹੈ ਕਿ ਸਟਰਾਅਬੇਰੀ ਹਿੱਲ ਲਾਇਬਰੇਰੀ ਸਰੀ ਵਿਚ ਦੁਪਹਿਰ 12.30 ਤੋਂ 4 ਵਜੇ ਤੱਕ ਹੋਣ ਵਾਲੇ ਇਸ ਸਮਾਗਮ ਵਿਚ 'ਅਗਲਾ ਵਰਕਾ ਖੋਲ੍ਹ' ਰਿਲੀਜ਼ ਕਰਨ ਉਪਰੰਤ ਇਸ ਉੱਪਰ ਵਿਚਾਰ ਚਰਚਾ ਹੋਵੇਗੀ। ਨਾਮਵਰ ਸ਼ਾਇਰ ਜਸਵਿੰਦਰ ਵੱਲੋਂ ਪੁਸਤਕ ਸੰਬੰਧੀ ਲਿਖਿਆ ਪਰਚਾ ਪੜ੍ਹਿਆ ਜਾਵੇਗਾ। ਮੰਚ ਵੱਲੋਂ ਸਮੂਹ ਸਾਹਿਤ ਪ੍ਰੇਮੀਆਂ ਨੂੰ ਇਸ ਪ੍ਰੋਗਰਾਮ ਵਿਚ ਸ਼ਾਮਲ ਹੋਣ ਦਾ ਸੱਦਾ ਦਿੱਤਾ ਗਿਆ ਹੈ।

## ਪੈਸੇਫਿਕ ਅਕੈਡਮੀ ਸਕੂਲ ਦੇ ਵਿਦਿਆਰਥੀ ਗੁਰਦੁਆਰਾ ਸਾਹਿਬ ਬਰੁੱਕਸਾਈਡ ਸਰੀ ਵਿਖੇ ਨਤਮਸਤਕ ਹੋਏ

ਵਰਲਡ ਪੰਜਾਬੀ ਟਾਈਮਜ਼ ਹਰਦਮ ਮਾਨ

ਸਰੀ, 20 ਜੂਨ : ਬੀਤੇ ਦਿਨੀਂ ਪੈਸੇਫਿਕ ਅਕੈਡਮੀ ਸਕੂਲ ਦੇ 11ਵੀਂ ਕਲਾਸ ਦੇ ਵਿਦਿਆਰਥੀ ਆਪਣੇ ਅਧਿਆਪਕ ਕਰਿਸ ਵੈਨਡਜ਼ੂਰਾ ਨਾਲ ਗੁਰਦੁਆਰਾ ਸਾਹਿਬ ਬਰੁੱਕਸਾਈਡ ਸਰੀ ਵਿਖੇ ਨਤਮਸਤਕ ਹੋਏ ਜਿੱਥੇ ਉਨ੍ਹਾਂ ਗੁਰਦੁਆਰਾ ਸਾਹਿਬ ਦੇ ਦਰਸ਼ਨ ਕਰਨ ਦੇ ਨਾਲ ਨਾਲ ਸਿੱਖ ਧਰਮ ਬਾਰੇ ਜਾਣਕਾਰੀ ਹਾਸਲ ਕੀਤੀ।



ਕੈਨੇਡੀਅਨ ਰਾਮਗੜ੍ਹੀਆ ਸੁਸਾਇਟੀ ਦੇ ਪਬਲਿਕ ਰੀਲੇਸ਼ਨ ਸੈਕਟਰੀ ਸੁਰਿੰਦਰ ਸਿੰਘ ਜੱਬਲ ਨੇ ਉਨ੍ਹਾਂ ਨੂੰ ਜੀ ਆਇਆਂ ਕਿਹਾ ਤੇ ਗੁਰਦੁਅਰਾ ਸਾਹਿਬ ਦੀ ਮਰਿਆਦਾ ਅਤੇ ਸਿੱਖ ਧਰਮ ਸੰਬੰਧੀ ਮੁੱਢਲੀ ਜਾਣਕਾਰੀ ਦਿੱਤੀ। ਵਿਦਿਆਰਥੀਆਂ ਨੇ ਸਿੱਖ ਧਰਮ ਬਾਰੇ ਅਤੇ ਗੁਰਦੁਆਰਾ ਸਾਹਿਬ ਵਿਚ ਦਿਖਾਈ ਦੇ ਰਹੇ ਵੱਖ ਵੱਖ ਪਹਿਲੂਆਂ ਬਾਰੇ ਸਵਾਲ ਵੀ ਪੁੱਛੇ। ਮੁੱਖ ਦਰਬਾਰ ਹਾਲ ਵਿਚ ਇਕ ਪਾਸੇ ਬੈਠ ਕੇ ਤਕਰੀਬਨ ਇਕ ਘੰਟਾ ਵਿਚਾਰ ਵਟਾਂਦਰੇ ਤੋਂ ਬਾਅਦ ਇਨ੍ਹਾਂ ਵਿਦਿਆਰਥੀਆਂ ਨੇ ਲੰਗਰ ਹਾਲ ਵਿਚ ਲੰਗਰ ਛਕਿਆ ਅਤੇ ਸੇਵਾਦਾਰਾਂ ਅਤੇ ਪ੍ਰਬੰਧਕਾਂ ਦਾ ਧੰਨਵਾਦ ਕਰ ਕੇ ਵਿਦਾ ਹੋਏ।

ਸੁਰਿੰਦਰ ਸਿੰਘ ਜੱਬਲ ਨੇ ਦੱਸਿਆ ਹੈ ਕਿ ਪੈਸੇਫਿਕ ਅਕੈਡਮੀ ਸਕੂਲ ਇਕ ਪ੍ਰਾਈਵੇਟ ਸਕੂਲ ਹੈ ਤੇ ਇਸ ਦੇ ਅਧਿਆਪਕ ਕਰਿਸ ਵੈਨਡਜ਼ੂਰਾ ਵਿਦਿਆਰਥੀਆਂ ਨੂੰ ਗੁਰਦੁਆਰਾ ਸਾਹਿਬ ਬਰੱਕਸਾਈਡ ਵਿਚ ਅਕਸਰ ਹੀ ਲਿਆਇਆ ਕਰਦੇ ਹਨ। ਉਨ੍ਹਾਂ ਕਿਹਾ ਕਿ ਪੈਸੇਫਿਕ ਅਕੈਡਮੀ ਸਕੂਲ ਦੇ ਪ੍ਰਬੰਧਕਾਂ ਦਾ ਇਹ ਉਪਰਾਲਾ ਬੇਹੱਦ ਸ਼ਲਾਘਯੋਗ ਹੈ ਜਿਸ ਨਾਲ ਵਿਦਿਆਰਥੀਆਂ ਨੂੰ ਆਪਣੇ ਆਂਢੀਆਂ ਗੁਆਂਢੀਆਂ ਦੇ ਧਰਮ ਤੇ ਸੱਭਿਆਚਾਰ ਤੋਂ ਜਾਣੂੰ ਹੋਣ ਦਾ ਮੌਕਾ ਮਿਲਦਾ ਹੈ।

## ਕੈਨੇਡੀਅਨ ਰਾਮਗੜ੍ਹੀਆ ਸੋਸਾਇਟੀ ਵੱਲੋਂ 'ਰਾਮਗੜ੍ਹੀਆ ਦਰਪਣ' ਦੇ ਸੰਪਾਦਕ ਭੁਪਿੰਦਰ ਸਿੰਘ ਉੱਭੀ ਦਾ ਸਨਮਾਨ

ਵਰਲਡ ਪੰਜਾਬੀ ਟਾਈਮਜ਼ ਹਰਦਮ ਮਾਨ

ਸਰੀ, 20 ਜੂਨ : ਜਲੰਧਰ (ਪੰਜਾਬ) ਤੋਂ ਛਪਦੇ ਸਪਤਾਹਿਕ ਮੈਗਜ਼ੀਨ 'ਰਾਮਗੜ੍ਹੀਆ ਦਰਪਣ' ਦੇ ਸੰਪਾਦਕ ਭੁਪਿੰਦਰ ਸਿੰਘ ਉੱਭੀ ਦਾ ਬੀਤੇ ਦਿਨੀਂ ਸਰੀ ਸ਼ਹਿਰ ਵਿਚ ਪਹੁੰਚਣ 'ਤੇ ਕੈਨੇਡੀਅਨ ਰਾਮਗੜ੍ਹੀਆ ਸੋਸਾਇਟੀ ਵੱਲੋਂ ਹਾਰਦਿਕ ਸਵਾਗਤ ਕੀਤਾ ਗਿਆ। ਸੋਸਾਇਟੀ ਵੱਲੋਂ ਇਕ ਸੰਖੇਪ ਸਮਾਗਮ ਦੌਰਾਨ ਉਨ੍ਹਾਂ ਦਾ ਸਨਮਾਨ ਕੀਤਾ ਗਿਆ।



ਭੁਪਿੰਦਰ ਸਿੰਘ ਉੱਭੀ ਨੇ ਸੋਸਾਇਟੀ ਦਾ ਧੰਨਵਾਦ ਕਰਦਿਆਂ ਕਿਹਾ ਕਿ ਉਨ੍ਹਾਂ ਦੀ ਕੈਨੇਡਾ ਫੇਰੀ ਦਾ ਮੁੱਖ ਮੰਤਵ ਇੱਥੋਂ ਦੇ ਵਾਸੀਆਂ ਤੇ ਦੋਸਤਾਂ ਮਿੱਤਰਾਂ ਨੂੰ 'ਰਾਮਗੜ੍ਹੀਆ ਦਰਪਣ' ਤੋਂ ਜਾਣੂੰ ਕਰਵਾਉਣਾ ਅਤੇ ਇਸ ਨਾਲ ਜੋੜਨਾ ਹੈ। ਇਸ ਮੌਕੇ ਕਾਰਜਕਾਰੀ ਕਮੇਟੀ ਦੇ ਮੈਂਬਰਾਂ ਨੇ ਦਿੱਲੀ ਤੇ ਪੰਜਾਬ ਦੇ ਰਾਮਗੜ੍ਹੀਆ ਭਾਈਚਾਰੇ, ਵਿਰਸਾ ਵਿਰਾਸਤ ਅਤੇ ਅੰਮ੍ਰਿਤਸਰ ਸਥਿਤ ਰਾਮਗੜ੍ਹੀਆ ਬੁੰਗਾ ਨੂੰ ਪਰਕਰਮਾ ਵਿੱਚੋਂ ਰਾਹ ਅਤੇ ਭਵਿੱਖ ਵਿਚ ਇਸ ਨੂੰ ਰਾਮਗੜ੍ਹੀਆ ਵਿਰਾਸਤ ਨਾਲ ਜੋੜੀ ਰੱਖਣ ਲਈ ਨਿੱਗਰ ਵਿਚਾਰ ਵਟਾਂਦਰਾ ਵੀ ਕੀਤਾ। ਜ਼ਿਕਰਯੋਗ ਹੈ ਕਿ ਭੁਪਿੰਦਰ ਸਿੰਘ ਉਭੀ ਸਰੀ ਤੋਂ ਇਲਾਵਾ ਐਬਸਫੋਰਡ, ਐਡਮਿੰਟਨ ਤੇ ਟਰਾਂਟੋ ਵੀ ਜਾਣਗੇ।

## ਪ੍ਰੀਤ ਕਿਸ ਨਾਲ ਕਰੀਏ?

ਵਰਲਡ ਪੰਜਾਬੀ ਟਾਈਮਜ਼ ਸੁਰਜੀਤ ਸਾਰੰਗ




ਤੂੰ ਆਪਣੀ ਜ਼ਿੰਦਗੀ ਦਾ ਮਿੱਤਰ ਆਪਣੇ ਜੀਵਨ ਦਾ ਹਮਦਰਦ ਕਿਸੇ ਨੂੰ ਬਣਾਂਦਾ ਹੈ। ਉਸ ਪ੍ਰਭੂ ਪ੍ਰਮਾਤਮਾ ਨੂੰ ਆਪਣਾ ਮਿੱਤਰ ਬਣਾ। ਉਸ ਨਾਲ ਪ੍ਰੀਤ ਪਾਲ ਲੈ। ਜਿਹੜੀ ਪ੍ਰੀਤ ਸੰਸਾਰ ਦੇ ਪਦਾਰਥ, ਸੰਸਾਰ ਦੇ ਮਿੱਤਰ, ਸੰਸਾਰ ਦੇ ਲੋਕਾਂ ਨਾਲ ਪਾਕੇ ਬੈਠਾ।

ਦੇ ਤੂੰ ਮਾਇਆ ਨਾਲ ਪ੍ਰੀਤ ਪਾਈ ਹੈ ਉਹ ਤੇਰੇ ਜਿਹੜੇ ਸੰਸਾਰ ਦੇ ਰਿਸ਼ਤਿਆਂ ਦੇ ਮੋਹ ਵਿਚ ਆਖਿਰ ਉਹ ਫਿਟਕਾਰ ਯੋਗ ਹਨ।

ਪਰਮਾਤਮਾ ਦੇ ਨਾਮ ਤੇਰੀ ਪ੍ਰੀਤ ਨਿਭਣ ਵਾਲੀ ਹੈ । ਤੈਨੂੰ ਸੰਸਾਰੀ ਦੁਨੀਆਂ ਦੀ ਪ੍ਰੀਤ ਵਿਚ ਕਦੀ ਵੀ ਸਕੂਲ ਨਹੀਂ ਮਿਲਣਾ। ਅੰਮ੍ਰਿਤ ਬਾਣੀ ਜੋਂ ਹੈ ਪ੍ਰੀਤ ਪਰਮਾਤਮਾ ਦੀ ਦਿੱਤੀ ਹੋਈ ਹੈ ਮਨੁੱਖ ਦੇ ਹਿਰਦੇ ਵਿਚ ਇਕ ਖਿੱਚ ਇਕ ਉਹ ਦਾਤ ਹੈ ਜਿਸ ਦੇ ਜ਼ਰੀਏ ਮਨੁੱਖ ਇਸ ਫ਼ਰਸ਼ ਤੋਂ ਅਰਸ਼ਾਂ ਤਕ ਪਹੁੰਚ ਸਕਦਾ ਹੈ।

ਪ੍ਰੀਤ ਸੰਸਾਰ ਵਿੱਚ ਸਾਨੂੰ ਅਨੇਕਾਂ ਤਰ੍ਹਾਂ ਨਾਲ ਦੇਖਣ ਨੂੰ ਮਿਲਦੀ ਹੈ । ਮਾਂ ਨੂੰ ਪੁੱਤਰ ਦੀ ਵੀ ਪ੍ਰੀਤ ਹੈ। ਪਤੀ ਤੇ ਪਤਨੀ ਦੀ ਵੀ ਪ੍ਰੀਤ ਹੈ। ਦੋ ਮਿਤਰਾਂ ਦੀ ਵੀ ਆਪਸੀ ਸਾਂਝ ਹੈ। ਪਦਾਰਥ ਦੀ ਤੇ ਮਨੁੱਖ ਮਨ ਦੀ ਵੀ ਆਪਸੀ ਪ੍ਰੀਤ ਹੈ। ਇਹਨਾਂ ਸਾਰੀਆਂ ਪ੍ਰੀਤਾਂ ਵਿਚ ਸਿਰਫ਼ ਪਰਮਾਤਮਾ ਦੀ ਪ੍ਰੀਤ ਹੀ ਸਭ ਤੋਂ ਉੱਚੀ ਨਾਮ ਦੀ ਪ੍ਰੀਤ ਹੈ।

ਪ੍ਰੀਤ ਵਿਚੋਂ ਵੱਡੀ ਪ੍ਰੀਤ ਹੈ ਪਰਮਾਤਮਾ ਨੂੰ ਪਿਆਰ ਕਰਨਾ

ਹੇ ਮਨਾਂ ਐਵੇਂ ਜਣੇ ਖਣੇ ਨਾਲ ਮਿੱਤਰਤਾ ਬਣਾ ਕੇ ਤੁਰਦਾ ਹੈ ਆਖਿਰ ਤੇਰੇ ਪੱਲੇ ਨਿਰਾਸ਼ਤਾ ਹੀ ਆਏਗੀ। ਦੇ ਤੂੰ ਜੱਪਣਾ ਹੈ ਪਿਆਰ ਪਾਉਣਾ ਉਸ ਵਾਹਿਗੁਰੂ ਨਾਲ ਪ੍ਰੀਤ ਕਰ। ਉਸ ਇਕ ਵਾਹਿਗੁਰੂ ਜੀ ਨੂੰ ਜੱਪਣ ਤੋਂ ਬਿਨਾਂ ਤੇਰੇ ਕਰਮ ਜਿੰਨੇ ਹਨ ਉਹ ਬਾਕੀ ਕਰਮ ਕਿਸੇ ਵੀ ਲੇਖੇ। ਨਹੀਂ। ਤੂੰ ਅੰਦਰ ਦੀ ਦੁਬਿਧਾ ਛੱਡ ਕੇ ਇਕ ਨਾਲ ਪ੍ਰੀਤ ਜੋੜ।

ਪ੍ਰੀਤ ਪ੍ਰਮਾਤਮਾ ਦੀ ਦਿੱਤੀ ਹੋਈ ਉਹ ਥੋੜ੍ਹੀ ਹੈ। ਜਿਸ ਰਾਹੀਂ ਥੱਲੇ ਵੀ ਉਤਰਿਆ ਜਾ ਸਕਦਾ ਹੈ। ਪ੍ਰੀਤ ਇਕ ਉਹ ਪੌੜੀ ਹੈ ਜਿਸ ਵਸੀਲੇ ਨਾਲ ਆਪਾਂ ਸਿਖਰ ਤੇ ਵੀ ਚੜ੍ਹ ਸਕਦੇ ਹਾਂ।

ਜਿਵੇਂ ਇਕ ਲੱਕੜ ਦੀ ਪੌੜੀ ਨਾਲ ਖੂਹ ਜਦੋਂ ਕੋਈ ਚਲਾਂਦਾ ਹੈ ।ਦੇ ਉਹ ਪੌੜੀ ਆਪਣੇ ਮਕਾਨ ਦੀ ਦੀਵਾਰ ਨਾਲ ਖੜੀ ਕਰੇ ਤਾਂ ਉਹ ਉਪਰ ਛੱਤ ਤੱਕ ਲਿਜਾਣ ਦੀ ਸਮਰਥਾ ਰੱਖਦੀ ਹੈ

ਉਹ ਹੀ ਪੌੜੀ ਇਨਸਾਨ ਨੂੰ ਖੂਹ ਦੇ ਅੰਦਰ ਲਿਜਾਣ ਲਈ ਵੀ ਹੈ। ਜਿਹੜੀ ਖਿੱਚ ਮਨੁੱਖ ਦੇ ਅੰਦਰ ਦੀ ਪ੍ਰਮਾਤਮਾ ਵਾਲੇ ਪਾਸੇ ਚਲੀ ਜਾਏ ਮਾਨੋ ਇਹ ਪੌੜੀ ਬਣ ਜਾਂਦੀ ਹੈ ਜਿਹੜੀ ਸਾਨੂੰ ਫ਼ਰਸ਼ ਤੋਂ ਅਰਸ਼ਾਂ ਤੱਕ ਪਹੁੰਚ ਦੇਂਦੀ ਹੈ।

## "ਡਾ. ਮਨਮੋਹਨ: ਇਕ ਦਾਰਸ਼ਨਿਕ ਅਫ਼ਸਰ ਦੀ ਸਾਹਿਤਕ ਯਾਤਰਾ" ਪ੍ਰੋਗਰਾਮ ਸਿਰਜਣਾ ਦੇ ਆਰ ਪਾਰ ਵਿੱਚ ਹੋਏ ਦਰਸ਼ਕਾਂ ਦੇ ਰੂ ਬਰੂ "

ਵਰਲਡ ਪੰਜਾਬੀ ਟਾਈਮਜ਼ ਰਮਿੰਦਰ ਵਾਲੀਆ




ਬਰੈਂਪਟਨ 20 ਜੂਨ : ਅੰਤਰਰਾਸ਼ਟਰੀ ਸਾਹਿਤਿਕ ਸਾਂਝਾਂ ਵੱਲੋਂ ਸਿਰਜਣਾ ਦੇ ਆਰ ਪਾਰ ਪ੍ਰੋਗਰਾਮ ਫ਼ਾਊਂਡਰ ਅਤੇ ਪ੍ਰਬੰਧਕ ਰਮਿੰਦਰ ਰੰਮੀ ਦੀ ਅਗਵਾਈ ਵਿੱਚ 16 ਜੂਨ ਸੋਮਵਾਰ ਨੂੰ ਕਰਵਾਇਆ ਗਿਆ ।ਇਸ ਪ੍ਰੋਗਰਾਮ ਦੇ ਵਿੱਚ ਇਸ ਵਾਰ ਪ੍ਰਸਿੱਧ ਦਾਰਸ਼ਨਿਕ , ਲੇਖਕ ਅਤੇ ਕਵੀ ਡਾ .ਮਨਮੋਹਨ ਵਿਸ਼ੇਸ਼ ਤੌਰ ਤੇ ਮੁੱਖ ਮਹਿਮਾਨ ਵਜੋਂ ਸ਼ਾਮਿਲ ਹੋਏ। ਇਸ ਪ੍ਰੋਗਰਾਮ ਦਾ ਸੰਚਾਲਨ ਪ੍ਰੋਫੈਸਰ ਕੁਲਜੀਤ ਕੌਰ ਨੇ ਕੀਤਾ ਤੇ ਪ੍ਰੋਗਰਾਮ ਦੇ ਵਿੱਚ ਅੰਤਰਰਾਸ਼ਟਰੀ ਸਾਹਿਤਕ ਸਾਂਝਾਂ ਦੇ ਵੱਖ ਵੱਖ ਪ੍ਰਤੀਨਿਧ ਅਹੁਦੇਦਾਰ ਸ਼ਾਮਿਲ ਹੋਏ ਸੁਰਜੀਤ ਕੌਰ ,ਪਿਆਰਾ ਸਿੰਘ ਕੁਦੋਵਾਲ ਜੀ , ਰਿੰਟੂ ਭਾਟੀਆ ਅਤੇ ਡਾਕਟਰ ਬਲਜੀਤ ਕੌਰ ਰਿਆੜ ਸਭ ਨੇ ਇਸ ਪ੍ਰੋਗਰਾਮ ਦੇ ਵਿੱਚ ਸ਼ਿਰਕਤ ਕੀਤੀ। ਡਾ . ਬਲਜੀਤ ਕੌਰ ਰਿਆੜ ਨੇ ਪ੍ਰੋਗਰਾਮ ਦੇ ਆਰੰਭ ਵਿੱਚ ਡਾ. ਮਨਮੋਹਨ ਜੀ ਦਾ ਨਿੱਘੇ ਸ਼ਬਦਾਂ ਵਿੱਚ ਜੀ ਆਇਆ ਆਖਿਆ ਤੇ ਉਹਨਾਂ ਦੀ ਪੰਜਾਬੀ ਸਾਹਿਤ ਨੂੰ ਦੇਣ ਵਿਸ਼ੇ ਤੇ ਗੱਲ ਕੀਤੀ । ਉਹਨਾਂ ਦਾ ਇਸ ਪ੍ਰੋਗਰਾਮ ਵਿੱਚ ਆਉਣਾ ਉਹਨਾਂ ਨੇ ਅੰਤਰਰਾਸ਼ਟਰੀ ਸਾਹਿਤਕ ਸਾਂਝਾਂ ਵਾਸਤੇ ਬਹੁਤ ਸੁਭਾਗਾ ਦੱਸਿਆ। ਉਹਨਾਂ ਨੇ ਡਾਕਟਰ ਮਨਮੋਹਨ ਦੀ ਸ਼ਖਸੀਅਤ ਨੂੰ ਇੱਕ ਦਾਰਸ਼ਨਿਕ ਚਿੰਤਕ ਦੇ ਨਾਲ ਨਾਲ ਇੱਕ ਵਧੀਆ ਆਈਪੀਐਸ ਅਫ਼ਸਰ ਦੇ ਤੌਰ ਤੇ ਵੀ ਉਹਨਾਂ ਦੀ ਦੇਣ ਬਾਰੇ ਜਾਣਕਾਰੀ ਦਿੱਤੀ ।ਉਪਰੰਤ ਪ੍ਰੋਫੈਸਰ ਕੁਲਜੀਤ ਕੌਰ ਨੇ ਡਾਕਟਰ ਮਨਮੋਹਨ ਜੀ ਦੀ ਜੀਵਨ ਤੇ ਝਾਤ ਪਾਉਂਦਿਆਂ ਹੋਇਆਂ ਪ੍ਰੋਗਰਾਮ ਦੇ ਆਰੰਭ ਵਿੱਚ ਉਹਨਾਂ ਦੇ ਮੁੱਢਲੇ ਜੀਵਨ ,ਪਰਿਵਾਰਕ ਪਿਛੋਕੜ ਤੇ ਉਹਨਾਂ ਦੇ ਜੀਵਨ ਵਿੱਚ ਲਈ ਵੱਖ ਵੱਖ ਸੰਘਰਸ਼ ਦੇ ਚੁਣੌਤੀਆਂ ਤੇ ਸਫਲਤਾਵਾਂ ਬਾਰੇ ਵਿਸਥਾਰ ਪੂਰਵਕ ਗੱਲਬਾਤ ਕੀਤੀ ।ਡਾ. ਮਨਮੋਹਨ ਨੇ ਆਪਣੇ ਜੀਵਨ ਦੇ ਮੁੱਢਲੇ ਪੜਾਅ ਵਿੱਚ ਆਪਣੇ ਪਰਿਵਾਰ ਬਾਰੇ ਜਾਣਕਾਰੀ ਦਿੰਦਿਆਂ ਹੋਇਆਂ ਪੜ੍ਹਾਈ ਪ੍ਰਤੀ ਆਪਣੇ ਜੀਵਨ ਵਿੱਚ ਆਏ ਉਤਰਾ ਚੜਾਅ ਤੇ ਫਿਰ ਇੱਕ ਸਫਲ ਆਈਪੀਐਸ ਅਫਸਰ ਵਜੋਂ ਜੀਵਨ ਦੇ ਸਫਰ ਨੂੰ ਉਹਨਾਂ ਨੇ ਸਾਂਝਾ ਕੀਤਾ। ਉਹਨਾਂ ਨੇ ਦੱਸਿਆ ਕਿ ਉਹ ਅਧਿਆਪਕ ਬਣਨਾ ਚਾਹੁੰਦੇ ਸਨ ਪਰ ਉਹਨਾਂ ਦੇ ਜੀਵਨ ਵਿੱਚ ਅਧਿਆਪਕ ਨਾਲੋਂ ਜਿਆਦਾ ਇੱਕ ਪ੍ਰਬੰਧਕ ਬਣਨ ਦਾ ਸਬੱਬ ਬਣਿਆ।ਇਹ ਵਰਨਣਯੋਗ ਹੈ ਕਿ ਡਾ . ਮਨਮੋਹਨ ਪੰਜਾਬੀ ਸਾਹਿਤ ਜਗਤ ਦਾ ਸਥਾਪਿਤ ਕਵੀ, ਨਾਵਲਕਾਰ, ਆਲੋਚਕ, ਭਾਸ਼ਾ ਵਿਗਿਆਨੀ ਅਤੇ ਅਨੁਵਾਦਕ ਹੈ। ਉਹ 1988 ਬੈਚ ਦਾ ਆਈ ਪੀ ਐੱਸ ਅਧਿਕਾਰੀ ਹੈ। ਉਹ ਜੁਲਾਈ 2023 'ਚ ਭਾਰਤ ਸਰਕਾਰ ਦੇ ਗ੍ਰਹਿ ਮੰਤਰਾਲੇ ਦੇ ਇੰਟੈਲੀਜੈਂਸ ਬਿਓਰੋ 'ਚੋਂ ਸਪੈਸ਼ਲ ਡਾਇਰੈਕਟਰ ਦੇ ਅਹੁਦੇ ਤੋਂ ਸੇਵਾ ਮੁਕਤ ਹੋਏ ਹਨ। ਵਰਤਮਾਨ 'ਚ ਉਹ ਗੁਰੂ ਨਾਨਕ ਦੇਵ ਯੂਨੀਵਰਸਿਟੀ ਵਿੱਚ ਪ੍ਰੋਫ਼ੈਸਰ ਆਫ਼ ਐਮੀਨੈਂਸ ਹਨ। ਉਹ ਚੰਡੀਗੜ੍ਹ ਸਾਹਿਤ ਅਕਾਦਮੀ ਦੇ ਵਾਈਸ ਚੇਅਰਮੈਨ ਰਹੇ। ਉਹ ਪੰਜਾਬ ਕਲਾ ਪ੍ਰੀਸ਼ਦ, ਚੰਡੀਗੜ੍ਹ ਦੀ ਕਾਰਜਕਾਰਨੀ ਦੇ ਮੈਂਬਰ ਹਨ। ਉਹ ਸਾਹਿਤ ਅਕਾਦਮੀ ਦੀ ਜਨਰਲ ਕੌਂਸਲ ਦੇ 2017 ਤੋਂ 2022 ਤੱਕ ਮੈਂਬਰ ਵੀ ਰਹੇ। ਉਨ੍ਹਾਂ ਨੇ 1994 'ਚ 'ਦਸਮ ਗ੍ਰੰਥ ਵਿਚ ਮਿੱਥ ਰੂਪਾਂਤਰਣ : ਰੂਪ ਤੇ ਅਰਥ ਦਾ ਚਿਹਨ ਵਿਗਿਆਨਕ ਅਧਿਐਨ' ਦੇ ਵਿਸ਼ੇ 'ਤੇ ਪੀਐੱਚਡੀ ਕੀਤੀ। ਮਨਮੋਹਨ ਨੂੰ 2013 'ਚ ਆਪਣੇ ਪਲੇਠੇ ਨਾਵਲ 'ਨਿਰਵਾਣ' 'ਤੇ ਭਾਰਤੀ ਸਾਹਿਤ ਅਕਾਦੇਮੀ ਦਾ ਪੁਰਸਕਾਰ ਮਿਲਿਆ। ਡਾ ਮਨਮੋਹਨ ਨੇ ਆਪਣੀਆਂ ਕਾਵਿ ਰਚਨਾਵਾਂ ਵੀ ਸਾਂਝੀਆਂ ਕੀਤੀਆਂ।ਉਨਾਂ ਨੇ ਦੱਸਿਆ ਕਿ ਅਨੁਵਾਦ ਕਿਸੇ ਵੀ ਭਾਸ਼ਾ ਦੀ ਅਮੀਰੀ ਵਿਚ ਸਹਾਈ ਹੁੰਦਾ ਹੈ। ਉਨ੍ਹਾਂ ਅਨੁਸਾਰ ਸਾਨੂੰ ਆਪਣਾ ਸਾਹਿਤਕ ਅਨੁਭਵ ਅਤੇ ਸ਼ਬਦ ਭੰਡਾਰ ਵਧਾਉਣ ਲਈ ਦੂਜੀਆਂ ਭਾਸ਼ਾਵਾਂ ਦਾ ਸਾਹਿਤ ਵੀ ਪੜ੍ਹਨਾ ਚਾਹੀਦਾ ਹੈ। ਦਾਰਸ਼ਨਿਕ ਚਿੰਤਨ ਵੀ ਜ਼ਰੂਰੀ ਹੈ। ਉਨ੍ਹਾਂ ਆਪਣੀ ਜ਼ਿੰਦਗੀ ਦੇ ਨਿੱਕੇ ਵੱਡੇ ਅਨੁਭਵ ਦਰਸ਼ਕਾਂ ਨਾਲ ਸਾਂਝੇ ਕੀਤੇ। ਇਸ ਪ੍ਰੋਗਰਾਮ ਦੇ ਅੰਤ ਵਿੱਚ ਡਾ . ਮਨਮੋਹਨ ਦੀ ਭੈਣ ਹਰਸਿਮਰਤ ਕੌਰ ਐਡਵੋਕੇਟ ਤੇ ਸ਼ਾਇਰਾ ਨੇ ਡਾ . ਮਨਮੋਹਨ ਨੂੰ ਇਕ ਸੰਜੀਦਾ,ਮਿਹਨਤੀ ਅਤੇ ਸੰਵੇਦਨਸ਼ੀਲ ਸ਼ਖਸੀਅਤ ਦੱਸਿਆ ਜੋ ਰਿਸ਼ਤਿਆਂ ਪ੍ਰਤੀ ਵੀ ਸਮਰਪਿਤ ਹੈ। ਦਲਬੀਰ ਸਿੰਘ ਕਥੂਰੀਆ ਚੇਅਰਮੈਨ ਵਿਸ਼ਵ ਪੰਜਾਬੀ ਸਭਾ ਕੈਨੇਡਾ ਨੇ ਵੀ ਡਾ . ਮਨਮੋਹਨ ਦੀ ਸ਼ਖਸੀਅਤ ਅਤੇ ਜੀਵਨ ਅਨੁਭਵ ਭਰਪੂਰ ਇਸ ਪ੍ਰੋਗਰਾਮ ਨੂੰ ਸਾਰਿਆਂ ਲਈ ਲਾਹੇਵੰਦ ਦੱਸਿਆ । ਉਹਨਾਂ ਵਿਸ਼ਵ ਪੰਜਾਬੀ ਸਭਾ ਕੈਨੇਡਾ ਵੱਲੋਂ ਕ20,21,22 ਜੂਨ ਨੂੰ ਕਰਵਾਈ ਜਾਣ ਵਾਲੀ ਅੰਤਰਰਾਸ਼ਟਰੀ ਕਾਨਫ਼ਰੰਸ ਬਾਰੇ ਵੀ ਜਾਣਕਾਰੀ ਦਿੱਤੀ।

ਪ੍ਰੋਗਰਾਮ ਦੇ ਅੰਤ ਵਿੱਚ ਸ੍ਰ. ਪਿਆਰਾ ਸਿੰਘ ਕੁੱਦੋਵਾਲ ਚੇਅਰਮੈਨ ਅੰਤਰਰਾਸ਼ਟਰੀ ਸਾਹਿਤਕ ਸਾਂਝਾਂ ਨੇ ਡਾ . ਮਨਮੋਹਨ ਦੁਆਰਾ ਪੇਸ਼ ਕੀਤੇ ਵਿਚਾਰਾਂ ਅਤੇ ਜੀਵਨ ਅਨੁਭਵ ਨੂੰ ਦਰਸ਼ਕਾਂ ਲਈ ਪ੍ਰੇਰਨਾਦਾਇਕ ਮੰਨਿਆ। ਉਹਨਾਂ ਨੇ ਹਰ ਵਾਰ ਦੀ ਤਰ੍ਹਾਂ ਸਮੁੱਚੇ ਪ੍ਰੋਗਰਾਮ ਨੂੰ ਸੁਣ ਕੇ ਸਾਰਥਕ ਅਤੇ ਮੁੱਲਵਾਨ ਟਿੱਪਣੀਆਂ ਪੇਸ਼ ਕੀਤੀਆਂ। ਪ੍ਰੋਗਰਾਮ ਵਿੱਚ ਹਾਜ਼ਰੀਨ ਮੈਂਬਰਜ਼ ਦਾ ਦਿਲੋਂ ਧੰਨਵਾਦ ਵੀ ਕੀਤਾ । ਅੰਤ ਵਿੱਚ ਈ ਮੈਗਜ਼ੀਨ ਅੰਤਰਰਾਸ਼ਟਰੀ ਸਾਹਿਤਕ ਸਾਂਝਾ. ਜੋ ਕਿ ਰਮਿੰਦਰ ਵਾਲੀਆ ਰੰਮੀ ਵੱਲੋਂ ਸੰਪਾਦਿਤ ਕੀਤਾ ਜਾਂਦਾ ਹੈ ਉਸ ਦਾ ਮਈ ਮਹੀਨੇ ਦਾ ਅੰਕ ਰਿਲੀਜ਼ ਕੀਤਾ ਗਿਆ। ਇਸ ਪ੍ਰੋਗਰਾਮ ਵਿੱਚ ਦੇਸ਼ ਵਿਦੇਸ਼ ਤੋਂ ਬਹੁਤ ਸਾਰੇ ਦਰਸ਼ਕ ਸ਼ਾਮਿਲ ਹੋਏ।ਤਲਵਿੰਦਰ ਮੰਡ , ਸਤਬੀਰ ਸਿੰਘ , ਮੀਤਾ ਖੰਨਾ , ਰਾਜਵੀਰ ਸੰਧੂ , ਰਾਜਬੀਰ ਕੌਰ ਗਰੇਵਾਲ , ਡਾ . ਪੁਸ਼ਵਿੰਦਰ ਕੌਰ , ਹਰਭਜਨ ਕੌਰ ਗਿੱਲ , ਹਰਜੀਤ ਬਮਰਾਹ , ਅੰਮ੍ਰਿਤਾ ਦਰਸ਼ਨ , ਗਿਆਨ ਸਿੰਘ ਦਰਦੀ , ਅਮਰ ਜੋਤੀ ਤੇ ਜਗਦੀਪ ਮਾਂਗਟ , ਰਾਧਿਕਾ , ਜੈਲੀ ਗੇਰਾ ਅਤੇ ਹੋਰ ਵੀ ਬਹੁਤ ਸਾਰੀਆਂ ਅਦਬੀ ਸ਼ਖ਼ਸੀਅਤਾਂ ਨੇ ਦੇਸ਼ਾਂ ਵਿਦੇਸ਼ਾਂ ਤੋਂ ਇਸ ਅੰਤਰਰਾਸ਼ਟਰੀ ਜ਼ੂਮ ਮੀਟਿੰਗ ਵਿੱਚ ਸ਼ਿਰਕਤ ਕੀਤੀ । ਇਹ ਰਿਪੋਰਟ ਪ੍ਰੋ. ਕੁਲਜੀਤ ਕੌਰ ਨੇ ਰਮਿੰਦਰ ਰੰਮੀ ਨੂੰ ਸਾਂਝੀ ਕੀਤੀ ।

ਰਮਿੰਦਰ ਰੰਮੀ ਨੇ ਇਕ ਵਾਰ ਫਿਰ ਸੱਭ ਦਾ ਧੰਨਵਾਦ ਕਰਦਿਆਂ ਕਿਹਾ ਕਿ " ਤੁਸੀਂ ਘਰ ਅਸਾਡੇ ਆਏ ਅਸੀਂ ਫੁੱਲੇ ਨਹੀਂ ਸਮਾਏ " ਪ੍ਰੋ. ਕੁਲਜੀਤ ਕੌਰ ਜੀ ਸਿਰਜਨਾ ਦੇ ਆਰ ਪਾਰ ਵਿੱਚ ਬਹੁਤ ਹੀ ਸਹਿਜਤਾ ਵਿੱਚ ਪ੍ਰੋਗਰਾਮ ਕਰਦੇ ਹਨ , ਉਹਨਾਂ ਦੇ ਬਹੁਤ ਸਾਰੇ ਪ੍ਰਸ਼ੰਸਕਾਂ ਨੂੰ ਵੀ ਸਿਰਜਨਾ ਦੇ ਆਰ ਪਾਰ ਪ੍ਰੋਗਰਾਮ ਦਾ ਇੰਤਜ਼ਾਰ ਰਹਿੰਦਾ ਹੈ ਤੇ ਪ੍ਰੋਗਰਾਮ ਨੂੰ ਸਾਰੇ ਬਹੁਤ ਪਸੰਦ ਕਰਦੇ ਹਨ । ਦਰਸ਼ਕਾਂ ਨੂੰ ਸ. ਪਿਆਰਾ ਸਿੰਘ ਕੁੱਦੋਵਾਲ ਜੀ ਨੂੰ ਸੁਣਨਾ ਤੇ ਪ੍ਰੋਗਰਾਮ ਨੂੰ ਸਮਅੱਪ ਕਰਨ ਦਾ ਉਹਨਾਂ ਦੇ ਵਿਲੱਖਣ ਅੰਦਾਜ਼ ਨੂੰ ਬਹੁਤ ਪਸੰਦ ਕਰਦੇ ਹਨ । ਧੰਨਵਾਦ ਸਹਿਤ ।

## ਭਾਜਪਾ ਦੀ ਕੇਂਦਰ ਸਰਕਾਰ ਵੱਲੋਂ ਵਿਕਸਿਤ ਭਾਰਤ ਦਾ ਅੰਮ੍ਰਿਤ ਕਾਲ ਸੇਵਾ ਸੁਸਾਸਨ ਗਰੀਬ ਕਲਿਆਣ ਯਕੀਨੀ ਬਣਾਉਣਾ ਹੈ : ਪੰਜਗਰਾਈਂ

### ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਵਿੱਚ ਦੇਸ਼ ਨੇ 11 ਸਾਲਾਂ ਵਿੱਚ ਖੂਬ ਤਰੱਕੀ ਕੀਤੀ : ਗੌਰਵ ਕੱਕੜ


### ਅੱਜ ਰਾਸ਼ਟਰੀ ਸੁਰੱਖਿਆ ਕਰਕੇ ਦੁਨੀਆਂ ਵਿੱਚ ਸ਼ਕਤੀਸ਼ਾਲੀ ਦੇਸ਼ਾਂ ਵਿੱਚ ਭਾਰਤ ਦਾ ਨਾਂਅ ਆਉਣ ਲੱਗਾ : ਮਨਵੀਰ ਰੰਗਾ

ਵਰਲਡ ਪੰਜਾਬੀ ਟਾਈਮਜ਼ ਟਿੰਕੂ ਕੁਮਾਰ



ਕੋਟਕਪੂਰਾ, 20 ਜੂਨ : ਭਾਰਤੀ ਜਨਤਾ ਪਾਰਟੀ ਪੰਜਾਬ ਦੇ ਪ੍ਰਧਾਨ ਸ੍ਰੀ ਸੁਨੀਲ ਜਾਖੜ ਅਤੇ ਮਨਜੀਤ ਸਿੰਘ ਰਾਏ ਸਾਬਕਾ ਚੇਅਰਮੈਨ ਭਾਰਤ ਸਰਕਾਰ ਦੇ ਦਿਸ਼ਾ-ਨਿਰਦੇਸ਼ਾਂ ਹੇਠ ਜਿਲਾ ਫਰੀਦਕੋਟ ਦੇ ਲਗਾਏ ਗਏ ਇੰਚਾਰਜ ਜਸਪਾਲ ਸਿੰਘ ਪੰਜਗਰਾਈ ਦੀ ਅਗਵਾਈ ਹੇਠ ਕੋਟਕਪੂਰਾ ਬੱਸ ਸਟੈਂਡ 'ਤੇ ਭਾਜਪਾ ਦੀ ਕੇਂਦਰ ਸਰਕਾਰ ਦੇ 11 ਸਾਲ ਪੂਰੇ ਹੋਣ ਸਬੰਧੀ ਪ੍ਰਦਰਸ਼ਨੀਂ ਲਗਾਈ ਗਈ! ਇਸ ਸਮੇਂ ਕੇਂਦਰ ਸਰਕਾਰ ਵੱਲੋਂ ਕੀਤੇ ਹੋਏ ਕੰਮਾਂ ਕਾਰਾਂ ਸਬੰਧੀ ਪ੍ਰਦਰਸ਼ਣੀ ਦੌਰਾਨ ਬੱਸਾਂ ਅਤੇ ਬੱਸ ਸਟੈਂਡ 'ਤੇ ਸਵਾਰੀਆਂ ਨੂੰ ਕੇਂਦਰ ਸਰਕਾਰ ਦੁਆਰਾ ਕੀਤੇ ਗਏ 11 ਸਾਲਾਂ ਦੁਆਰਾ ਕੰਮਾਂ ਕਾਰਾਂ ਸਬੰਧੀ ਪੇਪਰ ਵੰਡਕੇ ਜਾਣਕਾਰੀ ਦਿੱਤੀ ਗਈ! ਇਸ ਸਮੇਂ ਵਿਸ਼ੇਸ਼ ਤੌਰ 'ਤੇ ਜਿਲ੍ਹਾ ਪ੍ਰਧਾਨ ਗੌਰਵ ਕੱਕੜ ਵੀ ਹਾਜ਼ਰ ਹੋਏ! ਇਸ ਸਮੇਂ ਜਸਪਾਲ ਸਿੰਘ ਪੰਜਗਰਾਈਂ ਨੇ ਕਿਹਾ ਕਿ ਭਾਜਪਾ ਦੀ ਕੇਂਦਰ ਸਰਕਾਰ ਵੱਲੋਂ ਵਿਕਸਿਤ ਭਾਰਤ ਦਾ ਅੰਮ੍ਰਿਤ ਸੇਵਾ ਸੁਸਾਸ਼ਨ ਗਰੀਬ ਕਲਿਆਣ ਯਕੀਨੀ ਬਣਾਉਣਾ ਹੈ, ਜਿਸ ਨਾਲ ਗਰੀਬਾਂ ਦੀ ਸੇਵਾ ਕਰਨ, ਕਿਸਾਨਾਂ ਦੀ ਪੜ੍ਹਾਈ ਨੂੰ ਯਕੀਨੀ ਬਣਾਉਣ, ਮਹਿਲਾ ਸ਼ਕਤੀ ਲਈ ਨਵੀਂ ਗਤੀ ਪੈਦਾ ਕਰਨ, ਮੱਧ ਵਰਗ ਦੀ ਸੌਖੀ ਜ਼ਿੰਦਗੀ ਲਈ ਲਾਭ ਦੇਣ, ਰਾਸ਼ਟਰ ਪਹਿਲਾਂ ਰਾਸ਼ਟਰੀ ਸੁਰੱਖਿਆ ਅਤੇ ਵਿਦੇਸ਼ ਨੀਤੀ ਪੈਦਾ ਕਰਨ, ਕਾਰੋਬਾਰ ਕਰਨ ਵਿੱਚ ਸੋਖ ਕਰਕੇ ਕਾਰੋਬਾਰੀਆਂ ਦੀ ਸਹਾਇਤਾ ਕਰਨ, ਬੁਨਿਆਦੀ ਢਾਂਚਾ ਤਰੱਕੀ ਦਾ ਰਸਤਾ ਲੈ ਕੇ ਆਰਥਿਕ ਮਹਾ ਸ਼ਕਤੀ ਪੈਦਾ ਕਰਨ, ਦੇਸ਼ ਨੂੰ ਇੱਕ ਟੈਕਨੋਲੋਜੀ ਯੋਗ ਵੱਲ ਲੈ ਕੇ ਜਾਣ ਅਤੇ ਵਾਤਾਵਰਨ ਟਿਕਾਊ ਵਿਕਾਸ ਵਿਰਾਸਤ ਨੂੰ ਨਵੀਂ ਦਿਸ਼ਾ ਵੱਲ ਲੈ ਕੇ ਜਾਣ, ਇਹ ਦੇਸ਼ ਲਈ ਭਾਰਤੀ ਜਨਤਾ ਪਾਰਟੀ ਦਾ ਪਹਿਲਾ ਕੰਮ ਹੈ! ਗੌਰਵ ਕੱਕੜ ਅਤੇ ਜਸਪਾਲ ਸਿੰਘ ਪੰਜਗਰਾਈਂ ਨੇ ਕਿਹਾ ਕਿ ਭਾਰਤੀ ਜਨਤਾ ਪਾਰਟੀ ਦੀ ਕੇਂਦਰ ਸਰਕਾਰ ਵੱਲੋਂ ਹਰ ਵਰਗ ਦੇ ਲੋਕਾਂ ਲਈ ਅਨੇਕਾਂ ਸਕੀਮਾਂ ਦੇ ਕੇ ਦੇਸ਼ ਦੀ ਤਰੱਕੀ ਕਰਕੇ ਦੁਨੀਆਂ ਵਿੱਚ ਚੌਥੇ ਨੰਬਰ ਦੀ ਅਰਥ ਵਿਵਸਥਾ 'ਤੇ ਪਹੁੰਚਾ ਦਿੱਤਾ ਕਹਿ ਕੇ ਸ੍ਰੀ ਨਰਿੰਦਰ ਮੋਦੀ ਦੀ ਅਗਵਾਈ 'ਚ ਦੇਸ਼ ਪਹਿਲਾਂ ਨਾਲੋਂ ਕਿਤੇ ਅੱਗੇ ਨਿਕਲ ਗਿਆ ਹੋਣ ਕਰਕੇ ਅੱਜ ਰਾਸ਼ਟਰੀ ਸੁਰੱਖਿਆ ਕਰਕੇ ਦੁਨੀਆ ਵਿੱਚ ਸ਼ਕਤੀਸ਼ਾਲੀ ਦੇਸ਼ਾਂ ਵਿੱਚ ਭਾਰਤ ਦਾ ਨਾਂਅ ਆਉਣ ਲੱਗਾ ਹੈ! ਉਹਨਾਂ ਕਿਹਾ ਕਿ ਜੇਕਰ ਗੱਲ ਕਰੀਏ ਗਰੀਬ ਕਲਿਆਣ ਯੋਜਨਾ ਤਹਿਤ ਗਰੀਬਾਂ ਨੂੰ 4 ਕਰੋੜ ਘਰ ਬਣਾ ਕੇ ਦੇਣ ਅਤੇ 81 ਕਰੋੜ ਲਾਪਾਤਰੀਆਂ ਨੂੰ ਮੁਫਤ ਰਾਸ਼ਨ ਦੇਣ ਤੇ ਕਿਸਾਨਾਂ ਲਈ ਅਨੇਕਾ ਸਕੀਮਾਂ ਦੇ ਕੇ ਉਹਨਾਂ ਦਾ ਜੀਵਨ ਪੱਧਰ ਉੱਚਾ ਚੁੱਕਣ ਲਈ ਸਰਕਾਰ ਨੇ ਵੱਡੇ ਕੰਮ ਕੀਤੇ! ਇਸ ਮੌਕੇ ਹੋਰਨਾਂ ਤੋਂ ਇਲਾਵਾ ਮਨਵੀਰ ਸਿੰਘ ਰੰਗਾ ਜ਼ਿਲ੍ਹਾ ਯੂਥ ਪ੍ਰਧਾਨ, ਮੁਕੇਸ਼ ਗਰਗ ਜ਼ਿਲ੍ਹਾ ਸੈਕਟਰੀ, ਬਰਗਾੜੀ ਸਿੰਘ, ਨਸੀਬ ਸਿੰਘ ਔਲਖ਼, ਮਨਜੀਤ ਸਿੰਘ ਨੇਗੀ, ਜਸਵੀਰ ਸਿੰਘ ਫੌਜੀ, ਗਗਨ ਤੇਹਰਪੁਰੀਆ ਕੋਟਕਪੂਰਾ, ਹਰਪ੍ਰੀਤ ਸਿੰਘ ਸਿੱਧੂ ਆਦਿ ਵੀ ਹਾਜ਼ਰ ਸਨ!

## “ਜ਼ਫ਼ਰੀਅਤ” ਕਿਤਾਬ ਦੇ ਲੇਖਕ ਦਾ ਇਕਬਾਲੀਆ ਲੇਖ, “ਯਾਦ ਦੀ



ਵਰਲਡ ਪੰਜਾਬੀ ਟਾਈਮਜ਼
ਜ਼ਫ਼ਰ ਇਕਬਾਲ ਜ਼ਫ਼ਰ

ਜ਼ਿੰਦਗੀ ਵਿੱਚ ਉਹ ਸਮਾਂ ਬਹੁਤ ਬੀਤ ਗਿਆ ਹੈ ਜਦੋਂ ਮਨ ਆਪਣੀ ਜਵਾਨੀ ਵਿੱਚ ਹੁੰਦਾ ਸੀ ਅਤੇ ਸਿਰਫ਼ ਪੜ੍ਹਨਾ ਯਾਦ ਰੱਖਣ ਵਰਗਾ ਸੀ। ਹੁਣ ਮੈਂ ਹੁਣ ਇੱਕ ਮਜ਼ਬੂਤ ਯਾਦਦਾਸ਼ਤ ਦਾ ਮਾਲਕ ਨਹੀਂ ਰਿਹਾ। ਮੈਂ ਅਕਸਰ ਭੁੱਲ ਜਾਂਦਾ ਹਾਂ, ਜਿਵੇਂ ਆਪਣੇ ਕੱਪੜਿਆਂ ਵਿੱਚ ਪੈਸੇ ਭੁੱਲ ਜਾਂਦਾ ਹਾਂ। ਮੈਂ ਕੱਲ੍ਹ ਰਾਤ ਕੀ ਖਾਧਾ, ਮੈਂ ਕਿਸੇ ਨੂੰ ਕੀ ਕਿਹਾ, ਜਿਸ ਨੂੰ ਮੈਂ ਮਿਲਿਆ, ਨਾ ਸਿਰਫ਼ ਮੇਰਾ ਮੋਬਾਈਲ ਫ਼ੋਨ, ਚਾਬੀਆਂ ਅਤੇ ਹੋਰ ਚੀਜ਼ਾਂ, ਸਗੋਂ ਇਹ ਵੀ ਕਿ ਕੀ ਮੈਂ ਇਮਾਰਤ ਬੰਦ ਕਰ ਦਿੱਤੀ ਹੈ ਅਤੇ ਲਾਈਟਾਂ ਬੰਦ ਕਰ ਦਿੱਤੀਆਂ ਹਨ। ਮੇਰੀ ਕਮਜ਼ੋਰ ਯਾਦਦਾਸ਼ਤ ਕਾਰਨ, ਮੈਂ ਅਕਸਰ ਇਸ ਸੋਚ ਵਿੱਚ ਫਸ ਜਾਂਦਾ ਹਾਂ ਕਿ ਮੈਂ ਉਹ ਕੰਮ ਨਹੀਂ ਕੀਤੇ ਜੋ ਮੈਂ ਕੀਤੇ ਸਨ। ਇਸ ਭੁੱਲ ਨੇ ਮੈਨੂੰ ਨਿਸ਼ਚਤਤਾ ਦੇ ਫੈਸਲੇ ਤੋਂ ਦੂਰ ਕਰ ਦਿੱਤਾ ਹੈ।

ਇੱਕ ਦਿਨ ਮੈਂ ਘਰ ਤੋਂ ਕੁਝ ਸਮਾਨ ਖਰੀਦਣ ਲਈ ਬਾਜ਼ਾਰ ਗਿਆ ਅਤੇ ਦੁਕਾਨ ‘ਤੇ ਪਹੁੰਚ ਕੇ, ਮੈਂ ਉਹ ਭੁੱਲ ਗਿਆ ਜੋ ਮੈਂ ਖਰੀਦਣ ਆਇਆ ਸੀ। ਇਸ ਸਥਿਤੀ ਨੇ ਮੈਨੂੰ ਬਹੁਤ ਉਦਾਸ ਮਹਿਸੂਸ ਕਰਵਾਇਆ, ਜਿਵੇਂ ਕਿ ਜਦੋਂ ਮੈਂ ਆਪਣੇ ਸਰੀਰ ਦਾ ਇੱਕ ਕੀਮਤੀ ਹਿੱਸਾ ਗੁਆ ਦਿੰਦਾ ਹਾਂ। ਅਕਸਰ, ਮਦਦਗਾਰ ਸ਼ਬਦ ਅਤੇ ਯਾਦਾਂ ਮੇਰੇ ਕੋਲ ਸਹੀ ਸਮੇਂ ‘ਤੇ ਨਹੀਂ ਆਉਂਦੀਆਂ। ਜੇ ਮੈਂ ਨਹੀਂ ਭੁੱਲ ਸਕਦਾ, ਤਾਂ ਮੈਂ ਸਾਰੀਆਂ ਦਰਦਨਾਕ ਘਟਨਾਵਾਂ ਨੂੰ ਨਹੀਂ ਭੁੱਲ ਸਕਦਾ ਜਿਵੇਂ ਕਿ ਪਿਛਲੇ ਅਤੇ ਵਰਤਮਾਨ ਦੀਆਂ ਕੌੜੀਆਂ ਗੱਲਾਂ, ਦੁੱਖ, ਦੁਰਵਿਵਹਾਰ, ਮੁਸੀਬਤ, ਚਿੰਤਾ, ਪਛਤਾਵਾ, ਕਮੀਆਂ, ਦੁਰਵਿਵਹਾਰ, ਅਨੈਤਿਕਤਾ, ਜ਼ੁਲਮ, ਬੇਇਨਸਾਫ਼ੀ, ਆਦਿ। ਸਗੋਂ, ਇਹ ਦੁਸ਼ਮਣ ਵਿਚਾਰ ਹਨ ਜੋ ਮੇਰੇ ਮਨ ਵਿੱਚ ਅਣਜਾਣੇ ਵਿੱਚ ਰਹਿੰਦੇ ਹਨ ਅਤੇ ਮੇਰੀ ਨੀਂਦ ਵਿੱਚ ਵੀ ਮੈਨੂੰ ਨਹੀਂ ਛੱਡਦੇ। ਜਦੋਂ ਮੈਂ ਅਚਾਨਕ ਸੌਂਦਿਆਂ ਆਪਣੀਆਂ ਅੱਖਾਂ ਖੋਲ੍ਹਦਾ ਹਾਂ, ਤਾਂ ਮੈਨੂੰ ਤੁਰੰਤ ਉਨ੍ਹਾਂ ਨੂੰ ਯਾਦ ਆਉਂਦਾ ਹੈ, ਜਿਵੇਂ ਜ਼ਿੰਦਗੀ ਆਪਣੀ ਸਜ਼ਾ ਤੋਂ ਅਣਜਾਣ ਨਾ ਹੋਣ ਦੀ ਆਪਣੀ ਜ਼ਿੰਮੇਵਾਰੀ ਨਿਭਾ ਰਹੀ ਹੈ। ਮੇਰੀ ਆਤਮਾ ਦਾ ਮੂਡ ਉਦਾਸ ਹੈ। ਉਦਾਸ ਭਾਵਨਾਵਾਂ ਅਤੇ ਭਾਵਨਾਵਾਂ, ਭਾਵੇਂ ਉਹ ਮੇਰੀਆਂ ਆਪਣੀਆਂ ਹੋਣ ਜਾਂ ਦੂਜਿਆਂ ਦੀਆਂ, ਮੈਨੂੰ ਆਸਾਨੀ ਨਾਲ ਮੇਰੀਆਂ ਡੂੰਘਾਈਆਂ ਵਿੱਚ ਲੈ ਜਾਂਦੀਆਂ ਹਨ। ਜੇਕਰ ਕਿਸੇ ਦਾ ਵਿਸ਼ਵਾਸ ਖੁਸ਼ੀ ਦੁਆਰਾ ਜਾਗਿਆ ਹੈ ਅਤੇ ਦੁੱਖ ਦਾ ਯਕੀਨ ਹੋ ਗਿਆ ਹੈ, ਤਾਂ ਰੰਗ ਉਸ ਨੂੰ ਪ੍ਰਭਾਵਿਤ ਨਹੀਂ ਕਰਦੇ। ਇੱਕ ਅਜਿਹਾ ਜੀਵ ਜੋ ਇਸ ਦੁਨੀਆਂ ਵਿੱਚ ਜ਼ਿੰਦਾ ਮਹਿਸੂਸ ਨਹੀਂ ਕਰਦਾ ਪਰ ਉਸ ਦੀ ਮਰਜ਼ੀ ‘ਤੇ ਚਲਾ ਜਾਂਦਾ ਹੈ ਜੋ ਉਸ ਦੀ ਮਰਜ਼ੀ ‘ਤੇ ਆਇਆ ਸੀ ਜਿਸਨੇ ਉਸਨੂੰ ਆਉਣ ਦਿੱਤਾ ਸੀ। ਇੱਕ ਕਿਤਾਬ ਦਾ ਮਾਲਕ ਹੋਣਾ ਮੇਰੇ ਲਈ ਓਨਾ ਹੀ ਮਹੱਤਵਪੂਰਨ ਹੈ ਜਿੰਨਾ ਇੱਕ ਵਿਸ਼ਵਾਸੀ ਹੋਣਾ ਜਾਂ ਬੱਚੇ ਪੈਦਾ ਕਰਨਾ। ਜ਼ਿੰਦਗੀ ਦੀਆਂ ਜ਼ਰੂਰਤਾਂ ਨੇ ਮੈਨੂੰ ਰੋਜ਼ੀ-ਰੋਟੀ ਦੀਆਂ ਚਿੰਤਾਵਾਂ ਵਿੱਚ ਇੰਨਾ ਉਲਝਾ ਦਿੱਤਾ ਹੈ ਕਿ ਮੈਂ ਪਰਲੋਕ ਬਾਰੇ ਸੋਚ ਵੀ ਨਹੀਂ ਸਕਦਾ, ਜੋ ਕਿ ਮੇਰੇ ਸੰਸਾਰਕ ਦੁੱਖਾਂ ਵਿੱਚੋਂ ਸਭ ਤੋਂ ਵੱਡਾ ਹੈ। ਜੇਕਰ ਮੈਨੂੰ ਰੱਬ ਦੀ ਰਹਿਮਤ ਅਤੇ ਪਵਿੱਤਰ ਪੈਗੰਬਰ (ਅੱਲ੍ਹਾ ਦੀ ਸ਼ਾਂਤੀ ਅਤੇ ਅਸੀਸਾਂ ਉਸ ਉੱਤੇ ਹੋਣ) ਦੀ ਵਿਚੋਲਗੀ ਦਾ ਯਕੀਨ ਨਾ ਹੁੰਦਾ, ਤਾਂ ਮੇਰੀ ਮੌਤ ਵੀ ਜੀਉਣ ਵਰਗੀ ਸਜ਼ਾ ਹੁੰਦੀ। ਹਾਲਾਤਾਂ ਦੇ ਵਿਚਾਰਾਂ ਦੀ ਹਿੰਸਾ ਨੇ ਨਾ ਸਿਰਫ਼ ਮੇਰੇ ਮਨ ਨੂੰ ਕਮਜ਼ੋਰ ਕਰ ਦਿੱਤਾ ਹੈ, ਸਗੋਂ ਸਮੇਂ ਦੇ ਦੁੱਖ ਨੇ ਮੇਰੇ ਬੁੱਲ੍ਹਾਂ ਨੂੰ ਵੀ ਸੀਲ ਕਰ ਦਿੱਤਾ ਹੈ। ਇਸ ਲਈ, ਲੇਖ ਦੇ ਅਨੁਸਾਰ, ਸ਼ਬਦਾਂ ਅਤੇ ਵਾਕਾਂ ਦੇ ਆਧਾਰ ‘ਤੇ ਲਿਖਣ ਦੀ ਨਿਰੰਤਰਤਾ ਨੂੰ ਬਣਾਈ ਰੱਖਣ ‘ਤੇ ਮੇਰੀ ਕੋਈ ਪਕੜ ਨਹੀਂ ਹੈ। ਮੇਰੇ ਵਿਚਾਰ ਹੌਲੀ-ਹੌਲੀ ਪਟੜੀ ਤੋਂ ਉਤਰ ਜਾਂਦੇ ਹਨ। ਇੱਕ ਕਿਤਾਬ ਤੁਹਾਨੂੰ ਰਸਤਾ ਦਿਖਾ ਸਕਦੀ ਹੈ, ਪਰ ਸਿਰਫ਼ ਇੱਕ ਅਧਿਆਪਕ ਹੀ ਤੁਹਾਨੂੰ ਤੁਰਨਾ ਸਿਖਾਉਂਦਾ ਹੈ। ਮੈਨੂੰ ਇਸ ਲਿਖਣ ਕਲਾ ਨੂੰ ਸੰਪੂਰਨ ਕਰਨ ਦਾ ਮੌਕਾ ਨਹੀਂ ਮਿਲਿਆ। ਮੇਰੀ ਕਮਜ਼ੋਰ ਸੋਚ ਟੀਚੇ ਤੋਂ ਬਹੁਤ ਦੂਰ ਅਸਪਸ਼ਟਤਾ ਦੇ ਜੰਗਲਾਂ ਵਿੱਚ ਭਟਕ ਰਹੀ ਹੈ, ਅਤੇ ਮੈਂ ਇੱਕ ਖੁਸ਼ਕਿਸਮਤ ਲੇਖਕ ਵੀ ਨਹੀਂ ਹਾਂ ਕਿ ਜਿਵੇਂ ਹੀ ਮੈਂ ਲਿਖਦਾ ਹਾਂ, ਮੇਰੀ ਕਲਮ ਇਹ ਅਤੇ ਉਹ ਕਹਿਣਾ ਸ਼ੁਰੂ ਕਰ ਦਿੰਦੀ ਹੈ। ਜਾਓ।
ਹਾਂ, ਕਈ ਵਾਰ ਹਾਲਾਤ ਬਦਲ ਗਏ ਹਨ ਅਤੇ ਅਜਿਹਾ ਸਾਹਿਤਕ ਮਾਹੌਲ ਉਪਲਬਧ ਹੋਇਆ ਹੈ, ਚਿੰਤਾਵਾਂ ਅਤੇ ਜ਼ਰੂਰਤਾਂ ਦੂਰ ਹੋ ਗਈਆਂ ਹਨ, ਮਾਨਸਿਕ ਕੁੜੱਤਣ ਦੂਰ ਹੋ ਗਈ ਹੈ, ਇਸ ਲਈ ਮੈਂ ਵਾਅਦਾ ਕਰਦਾ ਹਾਂ ਕਿ ਮੈਂ ਸਿਹਤਮੰਦ ਸਾਹਿਤ ਨੂੰ ਕਿਤਾਬ ਦੇ ਰੂਪ ਵਿੱਚ ਪੇਸ਼ ਕਰਕੇ ਇਸ ਕਿਤਾਬ ਦੀਆਂ ਕਮੀਆਂ ਦਾ ਪ੍ਰਾਸਚਿਤ ਕਰਾਂਗਾ। ਇਸ ਲਈ, ਮੈਂ ਆਪਣੇ ਪਾਠਕਾਂ ਤੋਂ ਸ਼ੈਲੀ ਦੀ ਘਾਟ ਅਤੇ ਲਿਖਣ ਵਿੱਚ ਇੱਥੇ ਅਤੇ ਉੱਥੇ ਪੈਦਾ ਹੋਏ ਪਾੜੇ ਲਈ ਹੱਥ ਜੋੜ ਕੇ ਮੁਆਫ਼ੀ ਮੰਗਦਾ ਹਾਂ। ਮੈਨੂੰ ਡਰ ਹੈ ਕਿ ਅਤੀਤ ਦੀਆਂ ਮਾੜੀਆਂ ਵਿਸ਼ੇਸ਼ਤਾਵਾਂ ਨੂੰ ਉਭਾਰ ਕੇ, ਮੈਂ ਕਿਸੇ ਤਰ੍ਹਾਂ ਵਰਤਮਾਨ ਨੂੰ ਖਰਾਬ ਕਰ ਸਕਦਾ ਹਾਂ, ਇਸ ਲਈ ਆਓ ਅੱਗੇ ਵਧੀਏ।

## // ਸਾਇੰਸ ਦਾ ਸ਼ਰਾਰਤੀ ਪੁੱਤ //

ਵਰਲਡ ਪੰਜਾਬੀ ਟਾਈਮਜ਼
ਹਰਪ੍ਰੀਤ ਪੱਤੋ

ਸਾਇੰਸ ਨੇ ਕਿੰਨੀ ਤਰੱਕੀ ਕੀਤੀ,
ਕੀ ਕੀ ਗੁੱਲ ਖਿਲਾਉਂਦੀ ਹੈ।
ਨਿੱਤ ਨਵੀਆਂ ਕਾਢਾਂ ਕੱਢ ਕੇ,
ਲੋਕਾਂ ਹੱਥ ਫੜਾਉਂਦੀ ਹੈ।

ਕੈਸੀ ਖੋਜ ਮੋਬਾਇਲ ਦੀ ਕੀਤੀ,
ਸਭ ਨੂੰ ਆਹਰੇ ਲਾ ਦਿੱਤਾ,
ਕੀ ਬੱਚਾ ਕੀ ਬੁੱਢਾ ਇਸ ਨੇ,
ਚੱਕਰਾਂ ਦੇ ਵਿੱਚ ਪਾ ਦਿੱਤਾ।

ਜਿਸ ਨੂੰ ਕੋਈ ਨਹੀਂ ਜਾਣਦਾ,
ਉਸ ਨੂੰ ਇਸ ਮਸ਼ਹੂਰ ਕੀਤਾ।
ਦੂਰ ਵਾਲੇ ਨੂੰ ਨੇੜੇ ਕਰਕੇ, ਨੇੜੇ
ਵਾਲੇ ਨੂੰ ਦੂਰ ਕੀਤਾ।

ਜਹਾਜ, ਗੱਡੀਆਂ ,ਮੋਟਰ ਕਾਰਾਂ,
ਮਸਾਂ ਪੰਧ ਮੁਕਾਉਂਦੀਆਂ ਨੇ।
ਕਿੰਨੀ ਤਾਕਤ ਦੇ ਨਾਲ ਜਾ ਕੇ,
ਆਪਣੀ ਮੰਜ਼ਿਲ ਪਾਉਂਦੀਆਂ ਨੇ।

ਉਸ ਨੂੰ ਲੋੜ ਹੈ ਟੱਚ ਕਰਨ ਦੀ,
ਪਹੁੰਚ ਪਲਾਂ ਵਿੱਚ ਜਾਂਦਾ ਹੈ।

ਜਿਸ ਨੰਬਰ ਤੇ ਕਾਲ ਹੈ ਕੀਤੀ,
ਘੰਟੀ ਜਾ ਵਜਾਂਦਾ ਹੈ।

ਇੰਨੀ ਭੀੜ ਇਕੱਠ ਦੇ ਵਿੱਚੋਂ,
ਕਿਵੇਂ ਬੰਦੇ ਨੂੰ ਭਾਲ ਲੈਂਦਾ।
ਕੋਈ ਇਹ ਧੋਖਾ ਨਹੀਂ ਕਰਦਾ,
ਗੱਲਾਂ ਕੋਲ ਸੰਭਾਲ ਲੈਂਦਾ।

ਨਾ ਮਾਲੂਮ ਜੇਹੇ ‘ਪੱਤੋ’ ਵਰਗੇ ਨੂੰ,
ਲੇਖਕ ਇਸ ਬਣਾ ਦਿੱਤਾ।
ਚਰੰਨਵੇਂ ਛੇ ਅਠਵੰਜਾ ਪਿੱਛੇ,
ਇੱਕੀ ਚਾਰ ਸਤਾਰਾਂ ਲਾ ਦਿੱਤਾ।

ਸਹੀ ਵਰਤੋਂ ਕਰੀਏ ਇਸ ਦੀ,
ਇਹ ਵਧੀਆ ਮਿੱਤਰ ਹੈ।
ਜੇਕਰ ਕਰਾਂਗੇ ਗਲਤ ਵਰਤੋਂ,
ਫਿਰ ਪਵਾਉਂਦਾ ਛਿੱਤਰ ਹੈ।

ਚਮਤਕਾਰੀ ਮੋਬਾਇਲ ਹੈ ਇਹ,
ਕਿੰਨੇ ਰੰਗ ਦਿਖਾਉਂਦਾ ਹੈ।
ਬਹੁਤੇ ਕੰਮਾਂ ਨੂੰ ਫੇਲ ਕਰਕੇ,
ਇਹ ਪ੍ਰਧਾਨ ਅਖਵਾਉਂਦਾ ਹੈ।

## ਗ਼ਜ਼ਲ

ਕੀਨੇ ਕੀਤਾ ਐਨਾਂ ਕਹਿਰ ਹੈ।
ਚੜ੍ਹਿਆ ਏਹਨੂੰ ਕੋਈ ਜ਼ਹਿਰ ਹੈ।

ਛਾਈ ਹੈ ਕੈਸੀ ਤਨਹਾਈ
ਬੁਝਿਆ ਦਿੱਸੇ ਕੁੱਲ ਸ਼ਹਿਰ ਹੈ।

ਰੁੱਖ ਰਿਹਾ ਨਾ ਧਰਤੀ ਉੱਤੇ
ਨਾ ਪਾਣੀ ਪਰ ਨਾਮ ਨਹਿਰ ਹੈ।

ਜੀਅ ਨਾ ਕੋਈ ਤੁਰਦਾ ਦੀਂਹਦਾ
ਲੱਗੇ ਸਭ ਕੁਝ ਗਿਆ ਠਹਿਰ ਹੈ।

ਕਿੰਨਾ ਸ਼ਾਂਤ ਹੋ ਗਿਆ ਸਾਗਰ
ਉੱਠ ਰਹੀ ਨਾ ਕੋਈ ਲਹਿਰ ਹੈ।

ਚਾਰੇ ਪਾਸੇ ਘੁੱਪ ਹਨੇਰਾ
ਦਹਿਸ਼ਤਜ਼ਦਾ ਹਰਿਕ ਪਹਿਰ ਹੈ।

ਕੈਸੀ ਉਸਨੇ ਗ਼ਜ਼ਲ ਲਿਖੀ ਹੈ
ਬਿਨਾਂ ਕਾਫ਼ੀਆ ਬਿਨਾਂ ਬਹਿਰ ਹੈ।

ਵਰਲਡ ਪੰਜਾਬੀ ਟਾਈਮਜ਼
ਪ੍ਰੋ. ਨਵ ਸੰਗੀਤ ਸਿੰਘ

## ਯਾਤਰਾ ਗੁਰਦੁਆਰਾ ਸ੍ਰੀ ਹੇਮਕੁੰਟ ਸਾਹਿਬ

ਵਰਲਡ ਪੰਜਾਬੀ ਟਾਈਮਜ਼
ਮੇਜਰ ਸਿੰਘ ਨਾਭਾ



ਜਦੋਂ ਵੀ ਕਦੇ ਕਿਸੇ ਰਿਸਤੇ ਦਾਰ , ਦੋਸਤ ਪਾਸੋਂ ਗੁਰਦੁਆਰਾ ਸ੍ਰੀ ਹੇਮਕੁੰਟ ਸਾਹਿਬ ਦੀ ਯਾਤਰਾ ਦੀਆਂ ਗੱਲਾਂ ਸੁਣਦਾ ਤਾਂ ਮਨ ‘ਚ ਉਸ ਕਠਿਨ ਰਸਤੇ , ਰਮਣੀਕ ਪਹਾੜੀ ਦ੍ਰਿਸ਼ ਅਤੇ ਗੁਰਦੁਆਰਾ ਸਾਹਿਬ ਦੇ ਦਰਸ਼ਨ ਕਰਨ ਦੀ ਤਾਂਘ ਪੈਦਾ ਹੋ ਜਾਂਦੀ । ਮੇਰੇ ਸਕੂਲ ਦੇ ਅਧਿਆਪਕ ਸਾਥੀ ਗੁਰਬਖਸ਼ੀਸ਼ ਸਿੰਘ ਸੰਧੂ ਨੇ ਗਰਮੀਆਂ ਦੀਆਂ ਛੁੱਟੀਆਂ ‘ਚ ਸ੍ਰੀ ਹੇਮਕੁੰਟ ਸਾਹਿਬ ਜਾਣ ਦੀ ਗੱਲ ਆਖੀ ਸੀ । ਜੂਨ 2006 ਦੀਆਂ ਛੁੱਟੀਆਂ ਸ਼ੁਰੂ ਹੁੰਦੇ ਹੀ ਉਨ੍ਹਾਂ ਪਹਿਲੇ ਹਫਤੇ ਹੀ ਜਾਣ ਦਾ ਪ੍ਰੋਗਰਾਮ ਬਣਾਉਣ ਲਈ ਕਿਹਾ । ਮੇਰੇ ਦੋਸਤ ਗੁਰਮੇਲ ਸਿੰਘ ਪਟਿਆਲਾ ਨੇ ਪਹਿਲਾਂ ਹੀ ਸ੍ਰੀ ਹੇਮਕੁੰਟ ਸਾਹਿਬ ਜਾਣ ਦਾ ਕਿਹਾ ਹੋਇਆ ਸੀ । ਜਦੋਂ ਉਸ ਨਾਲ ਮੈਂ ਗੱਲ ਕੀਤੀ ਤਾਂ ਉਸ ਨੇ ਝੱਟ ਹੀ ਜਾਣ ਲਈ ਦਿਨ ਤਹਿ ਕਰਨ ਲਈ ਆਖਿਆ । ਮੈਂ ਆਂਪਣੇ ਮਿੱਤਰ ਮਾਸਟਰ ਭਜਨ ਸਿੰਘ ਖੋਖ ਨਾਲ ਇਸ ਸਬੰਧ ‘ਚ ਗੱਲ ਕੀਤੀ ਤਾਂ ਉਹ ਵੀ ਤੁਰੰਤ ਤਿਆਰ ਹੋ ਗਏ ।ਅਸੀਂ ਨਿਸਚਿਤ ਕੀਤੇ ਦਿਨ ਨੂੰ ਮੈਂ , ਭਜਨ ਸਿੰਘ ਅਤੇ ਗੁਰਬਖਸ਼ੀਸ਼ ਸਿੰਘ ਸੰਧੂ ਨਾਭਾ ਰੇਲਵੇ ਸਟੇਸ਼ਨ ਤੋਂ ਸਵੇਰੇ ਗੰਗਾ ਨਗਰ – ਹਰਿਦੁਆਰ ਗੱਡੀ ਤੇ ਸਵਾਰ ਹੋ ਗਏ । ਓੱਗੇ ਪਟਿਆਲਾ ਸਟੇਸ਼ਨ ਤੇ ਪਹਿਲਾਂ ਹੀ ਉਡੀਕ ਕਰ ਰਿਹਾ ਗੁਰਮੇਲ ਸਿੰਘ ਖੜ੍ਹਾ ਸੀ । ਉਹ ਵੀ ਸਾਡੇ ਨਾਲ ਇਥੋਂ ਰਲ ਗਿਆ । ਗੱਡੀ ਖੱਚਾ–ਖੱਚ ਸਵਾਰੀਆਂ ਨਾਲ ਭਰੀ ਹੋਈ ਸੀ । ਸ੍ਰੀ ਹੇਮਕੁੰਟ ਸਾਹਿਬ ਜਾਣ ਵਾਲੇ ਕਈ ਯਾਤਰੂ ਡੱਬੇ ‘ਚ ਪਹਿਲਾਂ ਹੀ ਸਨ । ਅਸੀਂ ਤਕਰੀਬਨ 1 ਵਜੇ ਹਰਿਦੁਆਰ ਪਹੁੰਚ ਗਏ । ਉਥੇ ਸਟੇਸ਼ਨ ਤੋਂ ਬਾਹਰ ਆ ਕੇ ਆਪਣੇ ਨਾਲ ਲਿਆਦੀਆਂ ਭਾਂਤ-ਸੁਭਾਂਤੀਆਂ ਰੋਟੀਆਂ ਢਾਬੇ ਤੇ ਬੈਠ ਕੇ ਦਹੀਂ ਨਾਲ ਛਕ



ਲਈਆਂ । ਗਰਮੀ ਬਹੁਤ ਸੀ । ਇਥੋਂ ਅਸੀਂ ਰਿਸ਼ੀਕੇਸ਼ ਨੂੰ ਬਸ ਲੈ ਲਈ ।ਸੜਕ ਖਰਾਬ ਹੋਣ ਕਾਰਨ 24 ਕਿਲੋਮੀਟਰ ਦਾ ਸਫਰ ਡੇਢੇ ਸਮੇਂ ‘ਚ ਤਹਿ ਕੀਤਾ । ਅਸੀਂ ਰਿਸ਼ੀਕੇਸ਼ ਪੌਣੇ ਚਾਰ ਵਜੇ ਪਹੁੰਚ ਗਏ । ਅੱਗੇ ਜਾਣ ਲਈ ਆਖਰੀ ਬਸ ਲੰਘ ਚੁੱਕੀ ਸੀ । ਆਟੋ ਵਾਲੇ ਨੇ ਦੱਸਿਆ ਕਿ ਟੈਕਸੀ ਸਟੈਂਡ ਤੋਂ ਟੈਕਸੀਆਂ ਜਾਂਦੀਆਂ ਹਨ । ਅਸੀਂ ਫਟਾ -ਫਟ ਆਟੋ ਤੇ ਬੈਠ ਟੈਕਸੀ ਸਟੈਂਡ ਪਹੁੰਚ ਗਏ ਤਾਂ ਉਥੇ ਟੈਕਸੀ ਜੋ ਕਿ ਜੀਪ ਸੀ , ਜਾਣ ਲਈ ਤਿਆਰ ਖੜ੍ਹੀ ਸੀ ।ਇਥੋਂ ਸ੍ਰੀ ਹੇਮਕੁੰਟ ਸਾਹਿਬ 292 ਕਿਲੋਮੀਟਰ ਹੈ । ਰਸਤੇ ‘ਚ 70 ਕਿਲੋਮੀਟਰ ਤੇ ਦੇਵਪਰਾਗ , 110 ਕਿਲੋਮੀਟਰ ਤੇ ਸ੍ਰੀਨਗਰ ਅਤੇ 250 ਕਿਲੋਮੀਟਰ ਤੇ ਜੋਸ਼ੀਮੱਠ ਹੈ । ਅੱਗੇ 22 ਕਿਲੋਮੀਟਰ ਦੀ ਵਿੱਥ ਤੇ ਗੋਬਿੰਦ ਘਾਟ ਹੈ ।ਇਥੋਂ ਸ੍ਰੀ ਹੇਮਕੁੰਟ ਸਾਹਿਬ 10.3 ਕਿਲੋਮੀਟਰ ਦੂਰੀ ਤੇ ਹੈ । ਸਿਕੰਜਵੀ ਦੀ ਰੇੜ੍ਹੀ ਵੇਖ ਅਸੀਂ ਗਰਮੀ ਹੋਣ ਕਾਰਨ ਇੱਕ-ਇੱਕ ਗਲਾਸ ਸਿਕੰਜਵੀ ਦਾ ਪੀਤਾ ਅਤੇ ਜੀਪ ਵਿੱਚ ਬੈਠ ਗਏ ।ਡਰਾਈਵਰ ਨੇ ਜੀਪ ਸਟਾਰਟ ਕਰ ਤੋਰ ਲਈ ਰਿਸ਼ੀਕੇਸ਼ ਤੋਂ ਬਾਹਰ ਨਿਕਲਦੇ ਹੀ ਪਹਾੜੀ ਰਸਤਾ ਸ਼ੁਰੂ ਹੋ ਗਿਆ ।ਇਥੋਂ ਦੇ ਡਰਾਈਵਰ ਬਹੁਤ ਤੇਜ਼ ਗੱਡੀਆਂ ਚਲਾਉਂਦੇ ਹਨ । ਪਹਾੜੀ ਮੋੜਾਂ ਤੋਂ ਤੇਜ਼ ਮੋੜਨ ਕਾਰਨ ਕਈਆਂ ਨੂੰ ਘਬਰਾਹਟ ਹੋਣ ਕਾਰਨ ਉਲਟੀਆਂ ਵੀ ਲੱਗ ਜਾਂਦੀਆਂ ਹਨ ।ਇਸ ਲਈ ਪਹਾੜੀ ਰਸਤਾ ਸ਼ੁਰੂ ਹੋਣ ਤੋਂ ਪਹਿਲਾਂ ਹਲਕਾ ਖਾਣਾ ਖਾ ਕੇ ਹੀ ਸਫਰ ਕਰਨਾ ਚਾਹੀਦਾ ਹੈ । ਇਸ ਲਈ ਘਬਰਾਹਟ , ਉਲਟੀਆਂ ਅਤੇ ਚੱਕਰ ਆਉਣ ਤੋਂ ਬਚਣ ਲਈ ਡਾਕਟਰ ਦੀ ਸਲਾਹ ਨਾਲ ਦਵਾਈ ਨਾਲ ਲੈ ਲਈ ਜਾਵੇ । ਅਸੀਂ 8 ਵਜੇ ਦੇ ਕਰੀਬ ਸਾਮ ਨੂੰ ਸ੍ਰੀਨਗਰ ਪਹੁੰਚ ਗਏ । ਇਥੇ ਸ਼ਾਨਦਾਰ ਗੁਰਦੁਆਰਾ ਹੈ ਜਿਸ ਦਾ ਪ੍ਰਬੰਧ ਸ੍ਰੀ ਹੇਮਕੁੰਟ ਸਾਹਿਬ ਮੈਨੇਜਮੇਂਟ ਟਰੱਸਟ ਦੇ ਅਧੀਨ ਹੈ । ਇਥੇ ਰਿਹਾਇਸ਼ ਅਤੇ ਲੰਗਰ ਦਾ ਵਧੀਆ ਪ੍ਰਬੰਧ ਹੈ ।ਇਥੇ ਕਮਰਾ ਲੈ ਕੇ ਰਾਤ ਕੱਟੀ ਸਵੇਰੇ ਗੁਰਦੁਆਰਾ ਸਾਹਿਬ ਨਤਮਸਤਕ ਹੋ ਕੇ ਅਸੀਂ ਕਰੀਬ ਪੰਜ ਵਜੇ ਮਿੰਨੀ ਬਸ ‘ਚ ਬੈਠ ਗਏ ਜੋ ਗੋਬਿੰਦ ਘਾਟ ਜਾਣ ਲਈ ਤਿਆਰ ਖੜ੍ਹੀ ਸੀ ।ਬਸ ਨੇ ਤਕਰੀਬਨ ਸਾਢੇ ਗਿਆਰਾਂ ਵਜੇ ਗੋਬਿੰਦ ਘਾਟ ਪਹੁੰਚਾ ਦਿੱਤਾ ।ਅਸੀਂ ਇਥੇ ਗੁਰਦੁਆਰਾ ਸਾਹਿਬ ਦੇ ਗੱਠੜੀ ਘਰ ਵਿੱਚ ਵਾਧੂ ਦਾ ਸਾਮਾਨ ਜਮ੍ਹਾਂ ਕਰਵਾ ਦਿੱਤਾ । ਅਸੀਂ ਇਥੋਂ ਲੌੜੀਂਦਾ ਆਪਣਾ ਸਮਾਨ ਛੋਟੇ ਬੈਗ ਵਿੱਚ ਪਾ ਕੇ ਸਾਢੇ ਬਾਰ੍ਹਾਂ ਵਜੇ ਗੋਬਿੰਦ ਧਾਮ ਵੱਲ ਪੈਦਲ ਯਾਤਰਾ ਸ਼ੁਰੂ ਕਰ ਦਿੱਤੀ । ਇਥੋਂ ਬਾਂਸ ਦੀਆਂ ਸੋਟੀਆਂ ਸਹਾਰੇ ਲਈ ਮਿਲ ਜਾਂਦੀਆਂ ਹਨ ।ਗੁਲੂਕੋਜ਼ ਦਾ ਡੱਬਾ ਅਤੇ ਸੰਤਰੇ ਦੀਆਂ ਗੋਲੀਆਂ ਅਸੀਂ ਪਹਿਲਾਂ ਹੀ ਨਾਲ ਰੱਖੀਆਂ ਹੋਈਆਂ ਸਨ । ਦਰਸ਼ਨ ਕਰਕੇ ਵਾਪਿਸ ਆਉਂਦੀ ਸੰਗਤ ਦੇ ਖਿੜੇ ਖਿੜੇ ਚਿਹਰੇ ਦੇਖ ਕੇ ਉੱਪਰ ਜਾ ਰਹੀ ਸੰਗਤ ‘ਚ ਵੀ ਅਨੌਖਾ ਜੋਸ਼ ਦਿਖਾਈ ਦੇ ਰਿਹਾ ਸੀ । ਇਕ ਲੱਤ ਤੋਂ ਅਪਾਹਜ਼ ਇੱਕ ਨੌਜਵਾਨ ਬੜੇ ਉਤਸ਼ਾਹ ਨਾਲ ਫੌੜੀ ਨਾਲ ਚੜ੍ਹਾਈ ਚੜ੍ਹ ਰਿਹਾ ਸੀ । ਬੱਚੇ , ਨੌਜਵਾਨ , ਬਿਰਧ ਮਰਦ ਔਰਤਾਂ ਨਾਮ ਸਿਮਰਨ ਕਰਦੇ ਆ ਜਾ ਰਹੇ ਸੀ । ਰਸਤੇ ‘ਚ ਕਿਤੇ ਵੀ ਖਾਲੀ ਥਾਂ ਨਜ਼ਰ ਨਹੀਂ ਦਿਖਾਈ ਦੇ ਰਹੀ ਸੀ । ਨੇੜੇ ਨੇੜੇ ਹੀ ਕੋਈ ਨਾ ਕੋਈ ਯਾਤਰੂ ਅੱਗੇ ਲੰਘਦਾ ਜਾਂ ਵਾਪਿਸ ਆਉਂਦਾ ਮਿਲਦਾ ਰਹਿੰਦਾ ਸੀ । ਆਲੇ ਦੁਆਲੇ ਉੱਚੇ ਉੱਚੇ ਪਹਾੜ ਤੇ ਰਸਤੇ ਦੇ ਨਾਲ ਡੂੰਘੀ ਅਲਕਨੰਦਾ ਨਦੀ ‘ਚ ਥਾਂ ਥਾਂ ਪਏ ਵੱਡੇ ਪੱਥਰਾਂ ‘ਚੋਂ ਲੰਘਦਾ ਪਾਣੀ ਸੰਗੀਤਮਈ ਮਾਹੌਲ ਅਜੀਬ ਦੁਨੀਆਂ ਵਿੱਚ ਲੈ ਜਾਂਦਾ ਹੈ । ਰਸਤੇ ਵਿੱਚ ਥਾਂ ਥਾਂ ਵੱਡੇ ਪੱਥਰ ਆਰਾਮ ਕਰਨ ਲਈ ਬੈਠਣ ਲਈ ਮਿਲਦੇ ਸਨ । ਇਸ ਪੈਦਲ ਰਸਤੇ ਵਿੱਚ ਖਾਣ ਪੀਣ , ਚਾਹ ਆਦਿ ਦੀਆਂ ਕੁਝ ਦੁਕਾਨਾਂ ਵੀ ਆਈਆਂ । ਕਈ ਯਾਤਰੂ ਖੱਚਰਾਂ , ਟੋਕਰੀਆਂ ,

ਅਸੀਂ ਸ਼ੁਰੂ ‘ਚ ਚਾਰੇ ਸਾਥੀ ਇਕੱਠੇ ਜਾ ਰਹੇ ਸੀ । ਮੈਂ ਅਤੇ ਗੁਰਮੇਲ ਸਿੰਘ ਹੋਲੀ ਚਲਣ ਕਾਰਨ ਪਿਛਾਂਹ ਰਹਿੰਦੇ ਗਏ ਤਾਂ ਅੱਗੇ ਜਾ ਰਹੇ ਭਜਨ ਸਿੰਘ ਅਤੇ ਸੰਧੂ ਨੇ ਸਾਨੂੰ ਦੱਸ ਦਿੱਤਾ ਕਿ ਉਹ ਪਹਿਲਾਂ ਜਾ ਕੇ ਕਮਰਾ ਲੈ ਲੈਣਗੇ ।ਗੁਰਮੇਲ ਸਿੰਘ ਦੇ ਪੱਟ ਉੱਪਰ ਦਰਦ ਹੋਣਾ ਸ਼ੁਰੂ ਹੋ ਗਿਆ ਸੀ ਜਿਸ ਕਾਰਨ ਉਸ ਨੂੰ ਥੌੜ੍ਹਾ ਚਲ ਕੇ ਆਰਾਮ ਕਰਨਾ ਪੈਂਦਾ ਸੀ । ਮੈਂ ਉਸਦਾ ਛੋਟਾ ਬੈਗ ਆਪਣੇ ਮੋਢੇ ਉੱਪਰ ਚੁੱਕ ਲਿਆ ਸੀ , ਮੈਂ ਉਸ ਨਾਲ ਹੀ ਜਾ ਰਿਹਾ ਸੀ । ਰਸਤੇ ‘ਚ ਇੱਕ ਬਜ਼ੁਰਗ ਮਾਤਾ ਵੀ ਰੁਕ-ਰੁਕ ਕੇ ਜਾ ਰਹੀ ਸੀ ।ਗੋਬਿੰਦ ਧਾਮ ਤੋਂ ਥੌੜ੍ਹਾ ਪਹਿਲਾਂ ਥੌੜ੍ਹੀ ਜਿਹੀ ਪੱਧਰੀ ਜਗ੍ਹਾ ਤੇ ਹੈਲੀਪੇਡ ਬਣਿਆ ਹੋਇਆ ਸੀ ।ਅਸੀਂ ਅੱਠ ਵਜੇ ਗੁਰਦੁਆਰਾ ਸਾਹਿਬ ਪੁੱਜੇ ।ਮੌਸਮ ਸਾਫ ਸੀ । ਕਮਰਾ ਤਾਂ ਮਿਲਿਆ ਨਹੀਂ , ਲੰਗਰ ਛੱਕ ਕੇ ਦਰਬਾਰ ਸਾਹਿਬ ਦੇ ਅੰਦਰ ਹੀ ਸੌਣਾ ਕੀਤਾ ।ਇਥੇ ਸੰਗਤਾਂ ਲਈ ਠੰਡ ਜ਼ਿਆਦਾ ਹੋਣ ਕਾਰਨ ਕੰਬਲਾਂ ਦਾ ਪੂਰਾ ਪ੍ਰਬੰਧ ਹੈ । ਅੰਮ੍ਰਿਤ ਵੇਲੇ ਉੱਠ ਇਸਨਾਨ ਕਰਨ ਤੋਂ ਬਾਅਦ ਅਸੀਂ ਚਾਰੇ ਸ੍ਰੀ ਹੇਮਕੁੰਟ ਸਾਹਿਬ ਦੇ ਦਰਸ਼ਨਾਂ ਲਈ ਕਠਿਨ ਚੜ੍ਹਾਈ ਵਾਲੀ ਯਾਤਰਾ ਲਈ 4 ਵਜੇ ਚਲ ਪਏ ।ਇਥੋਂ ਲੱਗਭੱਗ ਗੁਰਦੁਆਰਾ ਸਹਿਬ 6 ਕਿ:ਮੀ: ਦੀ ਦੂਰੀ ਤੇ ਹੈ । ਇਥੋਂ ਹੀ ਫੁੱਲਾਂ ਦੀ ਘਾਟੀ ਨੂੰ ਰਸਤਾ ਜਾਂਦਾ ਹੈ । ਗੁਰਮੇਲ ਸਿੰਘ ਨੇ ਤਾਂ ਸੁਰੂ ‘ਚ ਖੱਚਰ ਕਿਰਾਏ ਤੇ ਲੈ ਕੇ ਚਾਲੇ ਪਾ ਦਿੱਤੇ ।ਇਥੇ ਆਕਸੀਜਨ ਦੀ ਘਾਟ ਹੋਣ ਕਾਰਨ ਮੂੰਹ ਵਾਰ ਸੁਕਦਾ ਹੈ ,ਵਾਰ ਵਾਰ ਗੁਲੌਕੌਜ਼ ਲੈ ਕੇ ਪਾਣੀ ਦੀ ਘੁੱਟ ਪੀ ਕੇ ਤੁਰਨਾ ਪੈਂਦਾ ਸੀ ।ਉੱਪਰ ਨੇੜੇ ਜਾ ਕੇ ਸਿੱਧੀ ਚੜ੍ਹਾਈ ਪੌੜੀਆਂ ਰਾਹੀਂ ਵੀ ਹੈ ਜਾਂ ਫਿਰ ਘੁੰਮ ਕੇ ਦੂਰ ਦੀ ਚੜ੍ਹਣਾ ਪੈਂਦਾ ਹੈ । ਅਸੀਂ ਤਿੰਨੇ ਪੈਦਲ ਹੀ ਸਿੱਧੇ ਰਸਤੇ ਵਾਲੀ ਚੜ੍ਹਾਈ ਦਮ ਲੈ ਲੈ ਆਲੇ ਦੁਆਲੇ ਦੇ ਕੁਦਰਤੀ ਨਜ਼ਾਰੇ , ਬਰਫ ਨਾਲ ਲੱਦੀਆਂ ਉੱਚੀਆਂ ਪਹਾੜੀਆਂ ਆਦਿ ਦਾ ਆਨੰਦ ਲੈਂਦੇ ਗੁਰਦੁਆਰਾ ਸਾਹਿਬ ਪਹੁੰਚ ਗਏ । ਦੂਸਰੇ ਸਮੇਂ ਦੀ ਅਰਦਾਸ ਦਾ ਸਮਾਂ ਹੋਣ ਵਾਲਾ ਸੀ । ਇਹ ਅਸਥਾਨ ਉਤਰਾਖੰਡ ਰਾਜ ਦੇ ਚਮੋਲੀ ਜਿਲ੍ਹੇ ਵਿੱਚ ਸਮੁੰਦਰ ਦੀ ਸਤਿਹ ਤੋਂ ਲੱਗਭੱਗ 15 ਹਜ਼ਾਰ 200 ਫੁੱਟ ਦੀ ਉਚਾਈ ‘ਤੇ ਹਿਮਾਲਿਆ ਪਰਬਤ ਦੀ ਚੋਟੀ ਤੇ ਸੱਤ ਪਹਾੜੀਆਂ ਦੇ ਵਿਚਕਾਰ ਸਥਿਤ ਹੈ ਜਿਥੇ ਬਰਫੀਲਾ ਪਾਣੀ ਗਰਮੀਆਂ ‘ਚ ਇੱਕ ਝੀਲ ਰੂਪੀ ਸਰੋਵਰ ਵਿੱਚ ਇੱਕਠਾ ਹੋਇਆ ਬਰਫੀਲਾ ਪਾਣੀ ਪਿਘਲਣਾ ਸ਼ੁਰੂ ਹੋ ਜਾਂਦਾ ਹੈ ਜਿਥੇ ਸੰਗਤ ਇਸਨਾਨ ਕਰਕੇ ਗੁਰਦੁਆਰਾ ਸਾਹਿਬ ਨਤਮਸਤਕ ਹੋ ਦਰਸ਼ਨ ਕਰਦੀ ਹੈ ।ਗੁਰਦੁਆਰਾ ਸਾਹਿਬ ਦੇ ਦਰਬਾਰ ਹਾਲ ਵਿੱਚ ਹਰ ਥਾਂ ਕੰਬਲ ਪਏ ਹੁੰਦੇ ਹਨ ਲੌੜ ਅਨੁਸਾਰ ਸੰਗਤ ਠੰਡ ਤੋਂ ਬਚਣ ਲਈ ਕੰਬਲ ਲੈ ਲੈਂਦੀ ਹੈ ।ਅਸੀਂ ਸਬਦ ਗੁਰਬਾਣੀ ਦਾ ਅਨੰਦ ਮਾਣਿਆ ਅਤੇ ਅਰਦਾਸ ਵਿੱਚ ਸਾਮਲ ਹੋਏ । ਵਾਕ ਸੁਣਨ ਉਪਰੰਤ ਅਸੀਂ ਬਾਹਰ ਆ ਸਾਹਮਣੇ ਗਰਮ ਗਰਮ ਖਿਚੜੀ ਅਤੇ ਚਾਹ ਦਾ ਲੰਗਰ ਛੱਕਿਆ । ਇਸ ਉਪਰੰਤ ਹੇਠਾਂ ਨੂੰ ਵਾਪਿਸ ਆਉਣ ਲਈ ਚਾਲੇ ਪਾ ਦਿੱਤੇ ।ਵਾਪਿਸੀ ਦਾ ਪਹਿਲਾ ਪੜ੍ਹਾਅ ਗੁਰਮੇਲ ਸਿੰਘ ਅਤੇ ਮੈਂ ਗੋਬਿੰਦ ਧਾਮ ਹੀ ਕੀਤਾ ਕਿਉਂ ਕਿ ਗੁਰਮੇਲ ਸਿੰਘ ਦਾ ਪੱਟ ਦਾ ਦਰਦ ਠੀਕ ਨਹੀਂ ਸੀ । ਉਸ ਨੇ ਇਥੇ ਮਾਲਸ਼ ਵਾਲੇ ਤੋਂ ਮਾਲਸ਼ ਕਰਵਾਈ ਜੋ ਉਥੇ ਮਿਲ ਜਾਂਦੇ ਹਨ । ਭਜਨ ਸਿੰਘ ਅਤੇ ਗੁਰਬਖਸ਼ੀਸ਼ ਸਿੰਘ ਸੰਧੂ ਉਸੇ ਦਿਨ ਗੋਬਿੰਦ ਘਾਟ ਪਹੁੰਚ ਗਏ ਸੀ । ਅਸੀਂ ਇਥੇ ਹੀ ਰਾਤ ਕੱਟੀ ਅਗਲੇ ਦਿਨ ਸਵੇਰੇ ਉਨ੍ਹਾਂ ਨਾਲ ਗੋਬਿੰਦ ਘਾਟ ਜਾ ਮਿਲੇ ।ਇਥੋਂ ਅਸੀਂ ਚਾਰੇ ਜਣੇ ਬਸ ਲੈ ਰਿਸ਼ੀਕੇਸ਼ ਸਾਮ ਨੂੰ ਪਹੁੰਚ ਗਏ । ਇਥੇ ਅਸੀਂ ਨਿਰਮਲ ਕੁਟੀਆ ਆਸਰਮ ਜਾ ਕੇ ਕਮਰਾ ਲੈ ਰਾਤ ਕੱਟੀ । ਇਥੇ ਲੰਗਰ ਦਾ ਪ੍ਰਬੰਧ ਹੈ ।ਸਵੇਰੇ ਉੱਪਰ ਦਰਬਾਰ ਸਾਹਿਬ ਜਾ ਨਤਮਸਤਕ ਹੋਏ । ਲੰਗਰ ਛੱਕਿਆ ਅਤੇ ਰਿਸ਼ੀਕੇਸ਼ ਦਾ ਬਾਜ਼ਾਰ , ਗੰਗਾ ਨਦੀ , ਲਛਮਣ ਝੁਲੇ ਆਦਿ ਥਾਵਾਂ ਤੇ ਘੁੰਮੇ । ਇਥੋਂ ਵਾਪਿਸ ਨਿਰਮਲ ਕੁਟੀਆ ਆ ਸਮਾਨ ਚੁੱਕ ਬਸ ਰਾਹੀਂ ਹਰਿਦੁਆਰ ਆ ਗਏ । ਇਥੋਂ ਸਾਮ ਨੂੰ ਟਰੇਨ ਨੇ ਚਲਣਾ ਸੀ । ਇਥੋਂ ਹੀ ਉਸ ਟਰੇਨ ਨੇ ਵਾਪਿਸ ਮੁੜਨਾ ਸੀ , ਸਾਰੀ ਸਵਾਰੀ ਨੇ ਪਹਿਲਾਂ ਉਤਰਨਾ ਸੀ , ਫਿਰ ਸਟੇਸ਼ਨ ਤੇ ਖੜ੍ਹੀ ਸਵਾਰੀ ਨੇ ਚੜ੍ਹਨਾ ਸੀ । ਭੀੜ ਕਾਫੀ ਸੀ । ਗੱਡੀ ‘ਚ ਚੜ੍ਹਦੇ ਸਮੇਂ ਮਾਸਟਰ ਭਜਨ ਸਿੰਘ ਦਾ ਸ਼ਨਾਖਤੀ ਕਾਰਡ ਕਿਸੇ ਨੇ ਕੱਢ ਲਿਆ । ਪਰ ਉਸ ਵਿੱਚ ਪੈਸੇ ਨਾ ਹੋਣ ਕਾਰਨ ਜੇਬ ਕਤਰੇ ਨੇ ਗੱਡੀ ਦੀ ਸੀਟ ਥੱਲੇ ਸੁੱਟ ਦਿੱਤਾ ਜੋ ਬਾਅਦ ‘ਚ ਮਿਲ ਗਿਆ ।ਅਸੀਂ ਇਹ ਯਾਤਰਾ ਬੜੇ ਸੁਹਾਵਣੇ ਮਾਹੌਲ ‘ਚ ਪੂਰੀ ਕਰਦੇ ਹੋਏ ਗੁਰਮੇਲ ਸਿੰਘ ਪਟਿਆਲੇ ਉੱਤਰ ਗਿਆ ਅਤੇ ਅਸੀਂ ਨਾਭੇ ਸਟੇਸ਼ਨ ਤੇ ਰਾਤ ਨੂੰ ਉੱਤਰ ਕੇ ਆਪਣੇ ਆਪਣੇ ਘਰਾਂ ਨੂੰ ਆ ਗਏ ।